ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004
www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup Services
MOHINDER S. SOHAL
Cell: 206-841-1431
Buss: 253-520-8886
Email: mssohal@yahoo.com

ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫ਼ਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ

# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish
ALBERTA Edmonton, Calgary
USA Greater Seattle, Everett, Marysville, Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 33, Issue No. 06, Ending Date:Feb 06, 2026

LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Loan Officer | NMLS 1900093
Cell: 253-223-3717

## ਆਸਾਮ ਛੱਡਣ ਲਈ ਕਰ ਦਿਉ ਮਜ਼ਬੂਰ

# ਆਸਾਮ ਦੇ ਮੁੱਖ ਮੰਤਰੀ ਨੇ ਮੁਸਲਮਾਨਾਂ ਨੂੰ ਤੰਗ ਕਰਨ ਦਾ ਦਿੱਤਾ ਹੋਕਾ

ਗੁਹਾਟੀ:-ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਮੀਆਂ ਭਾਈਚਾਰੇ ਲਈ ਸਮੱਸਿਆਵਾਂ ਪੈਦਾ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।ਚੇਤੇ ਰਹੇ ਹਿੰਦੂਤਵੀ ਆਗੂਆਂ ਵੱਲੋਂ ਮਿਆਂ ਸਬਦ ਮੁਸਲਮਾਨਾ ਲਈ ਵਰਤਿਆ ਜਾਂਦਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਉਹ ਅਤੇ ਭਾਜਪਾ ਸਿੱਧੇ ਤੌਰ 'ਤੇ ਮੀਆਂ ਭਾਈਚਾਰੇ ਦੇ ਵਿਰੁੱਧ ਹਨ।ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਰਾਜ ਵਿੱਚ ਵਿਸ਼ੇਸ਼ ਵੋਟ ਸੋਧ ਪ੍ਰਕਿਰਿਆ ਦੌਰਾਨ "ਚਾਰ ਤੋਂ ਪੰਜ ਲੱਖ ਮੀਆਂ ਵੋਟਰਾਂ" ਦੇ ਨਾਮ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤੇ ਜਾਣਗੇ।ਉਨ੍ਹਾਂ ਨੇ ਮੀਆਂ ਭਾਈਚਾਰੇ ਨੂੰ "ਪ੍ਰੇਸ਼ਾਨ" ਕਰਨ ਦਾ ਹੋਕਾ ਦਿੱਤਾ। ਉਨ੍ਹਾਂ ਕਿਹਾ ਕਿ "ਜਦੋਂ ਤੱਕ ਉਨ੍ਹਾਂ ਨੂੰ ਪਰੇਸ਼ਾਨ ਨਹੀਂ ਕੀਤਾ ਜਾਂਦਾ, ਉਹ ਅਸਾਮ ਨਹੀਂ ਛੱਡਣਗੇ।"ਮੁੱਖ ਮੰਤਰੀ ਨੇ ਕਿਹਾ, "ਵੋਟ ਚੋਰੀ ਦਾ ਮਤਲਬ ਹੈ ਕਿ ਅਸੀਂ ਕੁਝ ਮੀਆਂ ਵੋਟਾਂ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।"ਉਨ੍ਹਾਂ ਨੂੰ ਅਸਾਮ ਵਿੱਚ ਵੋਟ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ, ਪਰ ਉਨ੍ਹਾਂ ਨੂੰ ਬੰਗਲਾਦੇਸ਼ ਵਿੱਚ ਵੋਟ ਪਾਉਣੀ ਚਾਹੀਦੀ ਹੈ।ਉਨ੍ਹਾਂ ਕਿਹਾ, "ਕਾਂਗਰਸ ਮੈਨੂੰ ਜਿੰਨਾ ਮਰਜ਼ੀ ਗਾਲ੍ਹਾਂ ਕੱਢ ਸਕਦੀ ਹੈ, ਪਰ ਮੇਰਾ ਕੰਮ ਮੀਆਂ ਲੋਕਾਂ ਲਈ ਜੀਵਨ ਮੁਸ਼ਕਲ ਬਣਾਉਣਾ ਹੈ।" ਉਨ੍ਹਾਂ ਆਪਣੀਆਂ ਪਹਿਲਾਂ ਦੀਆਂ ਟਿੱਪਣੀਆਂ ਨੂੰ ਦੁਹਰਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਹੋਏ ਭਾਈਚਾਰੇ ਲਈ ਸਮੱਸਿਆਵਾਂ ਪੈਦਾ ਕਰੇਗੀ।ਉਨ੍ਹਾਂ ਕਿਹਾ, "ਸਾਰੀਆਂ ਸ਼ਿਕਾਇਤਾਂ ਮੇਰੇ ਹੁਕਮਾਂ 'ਤੇ ਕੀਤੀਆਂ ਗਈਆਂ ਹਨ। ਮੈਂ ਖੁਦ ਭਾਜਪਾ ਮੈਂਬਰਾਂ ਨੂੰ ਕਿਹਾ ਹੈ ਕਿ ਉਹ ਮੀਆਂ ਭਾਈਚਾਰੇ ਵਿਰੁੱਧ ਸ਼ਿਕਾਇਤ ਕਰਦੇ ਰਹਿਣ।ਜੇਕਰ ਰਿਕਸ਼ੇ ਦਾ ਕਿਰਾਇਆ 5 ਰੁਪਏ ਹੈ, ਤਾਂ ਮੁਸਲਮਾਨਾ ਨੂੰ 4 ਰੁਪਏ ਦਿਓ। ਜਦੋਂ ਤੱਕ ਉਹਨਾਂ ਨੂੰ ਅਸੁਵਿਧਾ ਨਹੀਂ ਹੁੰਦੀ, ਉਹ ਅਸਾਮ ਨਹੀਂ ਛੱਡਣਗੇ। ਕਾਂਗਰਸ ਨੇਤਾ ਅਮਨ ਵਦੂਦ ਨੇ ਮੁੱਖ ਮੰਤਰੀ 'ਤੇ ਰਾਜ ਵਿੱਚ ਸੰਵਿਧਾਨ ਨੂੰ ਰੱਦ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ, "ਮੁੱਖ ਮੰਤਰੀ ਨੇ ਅਸਾਮ ਵਿੱਚ ਸੰਵਿਧਾਨ ਨੂੰ ਪੂਰੀ ਤਰ੍ਹਾਂ ਬੇਅਸਰ ਕਰ ਦਿੱਤਾ ਹੈ।"ਹਿਮੰਤ ਬਿਸਵਾ ਸਰਮਾ ਪਹਿਲਾਂ ਵੀ ਬੰਗਾਲੀ ਭਾਸ਼ੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਚੁੱਕੇ ਹਨ।

# ਸਿੱਖ ਵਿਰੋਧੀ ਨਫ਼ਰਤ ਨੂੰ ਰੋਕਣ ਵਾਲੇ ਬਿੱਲ ਦਾ ਜ਼ੋਈ ਲੋਫ਼ਗ੍ਰੇਨ ਵੱਲੋਂ ਸਮਰਥਨ

ਵਾਸ਼ਿੰਗਟਨ ਡੀ.ਸੀ.- ਅਮਰੀਕਾ ਦੀ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਵਿਚ ਸਿੱਖ ਵਿਰੋਧੀ ਭੇਦਭਾਵ ਅਤੇ ਨਫ਼ਰਤੀ ਅਪਰਾਧਾਂ ਖ਼ਿਲਾਫ਼ ਸੰਘੀ ਪੱਧਰ 'ਤੇ ਕਾਰਵਾਈ ਨੂੰ ਮਜ਼ਬੂਤ ਕਰਨ ਲਈ ਪੇਸ਼ ਕੀਤੇ ਗਏ ਕਾਨੂੰਨ ਨੂੰ ਦੋਵਾਂ ਪ੍ਰਮੁੱਖ ਪਾਰਟੀਆਂ ਦਾ ਸਮਰਥਨ ਮਿਲ ਰਿਹਾ ਹੈ।

ਇਸ ਕਦਮ ਤਹਿਤ ਕਾਂਗਰਸਵੂਮੈਨ ਜ਼ੋਈ ਲੋਫ਼ਗ੍ਰੇਨ ਨੇ ਇਸ ਬਿੱਲ ਦੀ ਸਹਿ-ਪ੍ਰਸਤਾਵਕ ਵਜੋਂ ਸ਼ਮੂਲੀਅਤ ਕੀਤੀ ਹੈ।ਸਿੱਖ ਅਮਰੀਕੀ ਭੇਦਭਾਵ ਵਿਰੋਧੀ ਐਕਟ 2025, ਜਿਸ ਨੂੰ H.R. 7100 ਕਿਹਾ ਜਾਂਦਾ ਹੈ, ਇਸਨੂੰ ਹੁਣ ਕੈਲੀਫ਼ੋਰਨੀਆ ਤੋਂ ਡੈਮੋਕ੍ਰੇਟ ਕਾਂਗਰਸਵੂਮੈਨ ਅਤੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਦੀ ਉਪ-ਚੇਅਰ ਜ਼ੋਈ ਲੋਫ਼ਗ੍ਰੇਨ ਦਾ ਸਮਰਥਨ ਵੀ ਪ੍ਰਾਪਤ ਹੋ ਗਿਆ ਹੈ।ਇਸ ਬਿੱਲ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਨਿਊਜਰਸੀ ਤੋਂ ਕਾਂਗਰਸਮੈਨ ਜੋਸ਼ ਗੋਟਹਾਈਮਰ ਨੇ ਪੇਸ਼ ਕੀਤਾ ਸੀ।

Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

BARRETT FINANCIAL GROUP
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੌਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
BARRETT FINANCIAL GROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover
Mortgage Loan Originator NMLS #2081225

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison, Senior Attorney
Jashan Multani, Associate Partner
Services we provide: / ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-Immigration/Political Asylum U-Visa, Vawa / -ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜਾ, ਵਾਅਵਾ
-SIJ Guardianship Cases / -SIJ ਗਾਰਡੀਅਨਸ਼ਿਪ ਕੇਸ
- Personal Injury/Car Accidents / -ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
- Evictions / -ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033

John L. Scott Real Estate
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

ਖ਼ੁਸ਼ਖਬਰੀ! ਖ਼ੁਸ਼ਖਬਰੀ! ਖ਼ੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY
Email: sakatersingh@yahoo.com

JK Tire Wholesaler
CASCADE Truck & RV Wash
Located next to Love Travel Center,
1-90 Exit 106, 1608 HWY 97 Ellensburg.WA
ਅਸੀਂ ਯੋਕੋਹਾਮਾ,ਮਿਚਲਨ, ਫਾਇਰ ਸਟੋਨ ਅਤੇ ਜੇ.ਕੇ. ਟਾਇਰ ਦੇ ਸਭ ਤੋਂ ਵੱਡੇ ਹੋਲਸੇਲਰ ਹਾਂ
ਜਸਬੀਰ ਸਿੰਘ ਰੀਹਲ 206-235-2168
ਕੁਲਬੀਰ ਸਿੰਘ ਰੀਹਲ 206-245-0114
Ph: 509.925.9273

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax / ਬਿਜਨਸ ਅਤੇ ਪਰਸਨਲ ਟੈਕਸ, ਹੈਲਥ ਪਲੈਨਜ,
•Indian Visa & OCI Applications / ਇੰਮੀਗਰੇਸ਼ਨ ਫਾਰਮ ਭਰਨ ਵਿਚ ਮੱਦਦ,
•Health Plans / ਇੰਡੀਅਨ ਵੀਜਾ & ਓਸੀਆਈ ਵਿਚ ਮੱਦਦ
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
* Neither New York Life Insurance Company, nor its Agents provide Tax or Legal advice. Please consult your own tax or legal Professional before making any decisions
Harpreet Parmar
Financial Services Professional
CA Insurance License # 0L12613
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com
Registered Representative offering securities through NYLIFE Securities LLC (member FINRA/SIPC), A Licensed Insurance Agency and a New York Life Company

BALBIR SINGH NIJJAR
Senior Loan Originator
Wize Mortgage
ਮੌਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center



Reshmi's Group
NEW ARRIVAL
NEW RANGE PICKLES
Chawla's
CHAWLA'S LIME PICKLE 800G
CHAWLA'S LIME SWEET PICKLE 800G
CHAWLA'S RED CHILLI STUFFED PICKLE 800G
CHAWLA'S GREEN CHILLI PICKLE 800G
CHAWLA'S DELA PICKLE 800G
CHAWLA'S GARLIC PICKLE 800G
CHAWLA'S KARONDA PICKLE 800G
CHAWLA'S AMLA PICKLE 800G
CHAWLA'S MANGO PEELED PICKLE 800G
CHAWLA'S MANGO PICKLE 800G
CHAWLA'S MANGO & CHILLI PICKLE 800G
CHAWLA'S DRIED MANGO PICKLE 800G
CHAWLA'S MANGO SWEET CHUTNEY 2.2LB
CHAWLA'S MIXED PICKLE 800G
CHAWLA'S AMLA MURABBA 1KG
CHAWLA'S TURNIP CAULIFLOWER SWEET PICKLE 800G
CHAWLA'S HARAD MURABBA 1KG
CHAWLA'S SOYA CHAAP 800G
CHAWLA'S SARSON KA SAAG 800G
444 MANGO PICKLE 5KG
444 MIXED PICKLE 5KG
"Reshmi's Group ਵੱਲੋਂ ਅਸਲੀ ਸੁਆਦਾਂ ਦੀ ਨਵੀਂ ਰੇਂਜ — ਹੁਣ ਤੁਹਾਡੇ ਲਈ।
BUY NOW
For Wholesale Order at :
1120 Andover Park E,Tukwila, WA 98188,T: (206) 575-0050,
E: sales@reshmisgroup.com.



# DIAMONDS!

Diamond Necklace
Wedding Sets
and
Wedding Rings

**50% off**

Come see our collection

## ਡਾਇਮੰਡਜ !

ਅਸੀਂ ਹਣ ਡਾਇਮੰਡ ਨੈਕੁਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

**50% off**

ਆ ਕੇ ਕੁਲੈਕਸ਼ਨ ਦੇਖੋ

# *Season Special!*

Visit our store for special pricing when buying
50 grams or more of 22k Gold Jewelry!

## ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

**CASH FOR GOLD**

ਸੋਨੇ ਬਦਲੇ ਡਾਲਰ ਲਉ

ਸਾਡੀਆਂ ਕੀਮਤਾਂ ਬਹੁਤ ਘੱਟ ਹਨ

# TAJ JEWELERS

**TRADE YOUR OLD GOLD FOR NEW JEWELRY**

ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ

UNIQUELY DESIGNED 22KT GOLD JEWELRY

WE SELL FOR LESS

# ਤਾਜ਼ ਜਿਊਲਰਜ਼

22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ

**Ph:253-981-3071**

**10120 SE 260th St. Suite 110, Kent, WA 98030**

Open: 7 Days Tuesday to Sunday 11am to 7pm, Mon 11am to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਕੈਨੇਡਾ ਵਿੱਚ ਲੱਖਾਂ ਲੋਕਾਂ ਨੂੰ ਨਹੀਂ ਮਿਲਣਗੀਆਂ ਮੁਫ਼ਤ ਸੇਵਾਵਾਂ

ਆਟਵਾ: ਕੈਨੇਡਾ ਵਿਚ ਪਨਾਹ ਦਾ ਦਾਅਵਾ ਕਰਨ ਵਾਲੇ 45 ਹਜ਼ਾਰ ਭਾਰਤੀ ਨਾਗਰਿਕਾਂ ਸਣੇ ਲੱਖਾਂ ਰਫ਼ਿਊਜੀਆਂ ਨੂੰ ਹੁਣ ਹੈਲਥ ਕੇਅਰ ਸਹੂਲਤਾਂ ਮੁਫ਼ਤ ਨਹੀਂ ਮਿਲਣਗੀਆਂ। ਕੈਨੇਡਾ ਦੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਅੰਤਰਮ ਸਿਹਤ ਯੋਜਨਾ ਵਿਚ ਤਬਦੀਲੀਆਂ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਡੈਂਟਲ ਕੇਅਰ ਅਤੇ ਅੱਖਾਂ ਦੀ ਸੰਭਾਲ ਸਣੇ ਵੱਖ ਵੱਖ ਸਿਹਤ ਸੇਵਾਵਾਂ ਦਾ 30 ਫ਼ੀ ਸਦੀ ਖਰਚਾ ਸਬੰਧਤ ਸ਼ਖਸ ਨੂੰ ਦੇਣਾ ਹੋਵੇਗਾ ਅਤੇ ਪਰਚੀ ’ਤੇ ਦਵਾਈ ਲਿਖਵਾਉਣ ਦੇ ਇਵਜ਼ ਵਿਚ 4 ਡਾਲਰ ਵੱਖਰੇ ਤੌਰ ’ਤੇ ਅਦਾ ਕਰਨੇ ਹੋਣਗੇ। ਅੰਤਰਮ ਫੈਡਰਲ ਹੈਲਥ ਪ੍ਰੋਗਰਾਮ ਵਿਚਲੇ ਬਦਲਾਅ 1 ਮਈ ਤੋਂ ਲਾਗੂ ਕੀਤੇ ਜਾ ਰਹੇ ਹਨ ਜਿਨ੍ਹਾਂ ਤਹਿਤ ਯੋਗ ਲਾਭਪਾਤਰੀਆਂ ਨੂੰ ਉਸ ਵੇਲੇ ਤੱਕ ਹੀ ਸੀਮਤ ਅਤੇ ਆਰਜ਼ੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ ਜਦੋਂ ਤੱਕ ਉਹ ਪ੍ਰੋਵਿਨਸ਼ੀਅਲ ਹੈਲਥ ਕੇਅਰ ਪ੍ਰੋਗਰਾਮ ਦਾ ਹਿੱਸਾ ਨਹੀਂ ਬਣ ਜਾਂਦੇ। ਆਈ.ਐਫ਼.ਐਚ.ਪੀ. ਦੇ ਲਾਭਪਾਤਰੀਆਂ ਨੂੰ ਬਣਦਾ ਹਿੱਸਾ ਸਿੱਧੇ ਤੌਰ ’ਤੇ ਹੈਲਥ ਕੇਅਰ ਪ੍ਰੋਵਾਈਡਰਜ਼ ਨੂੰ ਅਦਾ ਕਰਨ ਦੀ ਹਦਾਇਤ ਦਿਤੀ ਗਈ ਹੈ।

## ਪਾਕਿਸਤਾਨ ਯਾਤਰਾ ਲਈ ਅਮਰੀਕੀ ਸਲਾਹ

ਵਾਸ਼ਿੰਗਟਨ:-ਸੰਯੁਕਤ ਰਾਜ ਦੇ ਵਿਦੇਸ਼ ਵਿਭਾਗ ਨੇ ਅਮਰੀਕੀ ਨਾਗਰਿਕਾਂ ਨੂੰ ਗੰਭੀਰ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਪਾਕਿਸਤਾਨ ਦੀ ਯਾਤਰਾ ‘ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਇਹ ਚੇਤਾਵਨੀ 26 ਜਨਵਰੀ ਨੂੰ ਜਾਰੀ ਕੀਤੀ ਗਈ ਹੈ।ਆਪਣੇ ਨਵੀਨਤਮ ਅਪਡੇਟ ਵਿੱਚ, ਵਿਦੇਸ਼ ਵਿਭਾਗ ਨੇ ਯਾਤਰੀਆਂ ਨੂੰ ਅਪਰਾਧ, ਸਿਵਲ ਅਸ਼ਾਂਤੀ, ਅੱਤਵਾਦ ਅਤੇ ਅਗਵਾ ਦੇ ਜੋਖਮ ਕਾਰਨ “ਯਾਤਰਾ ‘ਤੇ ਮੁੜ ਵਿਚਾਰ” ਕਰਨ ਦੀ ਅਪੀਲ ਕੀਤੀ। ਇੱਕ ਪੱਧਰ 3 ਸਲਾਹਕਾਰ ਨਿੱਜੀ ਸੁਰੱਖਿਆ ਲਈ ਗੰਭੀਰ ਜੋਖਮਾਂ ਨੂੰ ਦਰਸਾਉਂਦਾ ਹੈ।ਸਲਾਹਕਾਰ ਚੇਤਾਵਨੀ ਦਿੰਦਾ ਹੈ ਕਿ ਪਾਕਿਸਤਾਨ ਵਿੱਚ ਅੱਤਵਾਦੀ ਹਮਲੇ ਬਿਨਾਂ ਚੇਤਾਵਨੀ ਦੇ ਹੋ ਸਕਦੇ ਹਨ। ਵਿਦੇਸ਼ ਵਿਭਾਗ ਦੇ ਅਨੁਸਾਰ, ਸਾਂਝੇ ਨਿਸ਼ਾਨਿਆਂ ਵਿੱਚ ਆਵਾਜਾਈ ਕੇਂਦਰ, ਹੋਟਲ, ਬਾਜ਼ਾਰ, ਸ਼ਾਪਿੰਗ ਮਾਲ, ਫੌਜੀ ਅਤੇ ਸੁਰੱਖਿਆ ਸਥਾਪਨਾਵਾਂ, ਹਵਾਈ ਅੱਡੇ, ਰੇਲਗੱਡੀਆਂ, ਸਕੂਲ, ਹਸਪਤਾਲ, ਪੂਜਾ ਸਥਾਨ, ਸੈਲਾਨੀ ਸਥਾਨ ਅਤੇ ਸਰਕਾਰੀ ਇਮਾਰਤਾਂ ਸ਼ਾਮਲ ਹਨ।

## ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਸੰਬੰਧ ਵਿੱਚ ਸਿਮਰਨਜੀਤ ਸਿੰਘ ਮਾਨ ਨੇ ਐਸਜੀਪੀਸੀ ਉੱਪਰ ਜਿੰਮੇਵਾਰੀ ਪੂਰੀ ਨਹੀਂ ਕਰਨ ਦੇ ਲਗਾਏ ਦੋਸ਼

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):- ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਸੰਬੰਧ ਵਿਚ ਜੋ ਹਾਈਕੋਰਟ ਦੇ ਹੁਕਮਾਂ ਅਧੀਨ ਪੰਜਾਬ ਸਰਕਾਰ ਵੱਲੋ ਜਾਂਚ ਲਈ ਸਿੱਟ ਕਾਇਮ ਕੀਤੀ ਗਈ ਹੈ।ਜਿਸ ਵੱਲੋ ਜਾਂਚ ਜਾਰੀ ਹੈ, ਉਸ ਨੂੰ ਐਸ.ਜੀ.ਪੀ.ਸੀ ਦੇ ਸੰਬੰਧਤ ਦਸਤਾਵੇਜ ਦੇਣ ਦੀ ਜਦੋ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋ ਹੁਕਮ ਹੋ ਚੁੱਕਿਆ ਹੈ, ਫਿਰ ਸਿੱਟ ਨੂੰ ਸੰਬੰਧਤ ਦਸਤਾਵੇਜ ਕਿਉ ਨਹੀ ਦਿੱਤੇ ਜਾ ਰਹੇ ਅਤੇ ਉਨ੍ਹਾਂ ਹੁਕਮਾਂ ਨੂੰ ਪੂਰਨ ਕਿਉ ਨਹੀ ਕੀਤਾ ਜਾ ਰਿਹਾ ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੱਲ੍ਹ ਸਿੱਟ ਵੱਲੋ ਐਸ.ਜੀ.ਪੀ.ਸੀ ਦੇ ਅਧਿਕਾਰੀਆ ਨਾਲ ਸੰਪਰਕ ਕਰਨ ਉਪਰੰਤ ਵੀ ਕੋਈ ਸਹਿਯੋਗ ਨਾ ਕਰਨ ਦੀ ਕਾਰਵਾਈ ਦਾ ਸਖ਼ਤ ਨੋਟਿਸ ਲੈਂਦੇ ਹੋਏ ਅਤੇ ਸੱਚ ਨੂੰ ਸਾਹਮਣੇ ਆਉਣ ਤੋ ਰੋਕਣ ਦੀਆਂ ਕਾਰਵਾਈਆ ਉਤੇ ਹੋਰ ਸੰਜੀਦਾ ਹੁੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋ ਕਾਨੂੰਨ ਅਨੁਸਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ ਪਾਵਨ ਸਰੂਪਾਂ ਦੀ ਜਾਂਚ ਚੱਲ ਰਹੀ ਹੈ ਅਤੇ ਸਮੁੱਚੀ ਸਿੱਖ ਕੌਮ ਇਸਦੇ ਸੱਚ ਤੱਕ ਪਹੁੰਚਣ ਲਈ ਉਤਾਵਲੀ ਹੈ ਤਾਂ ਐਸ.ਜੀ.ਪੀ.ਸੀ ਦੇ ਅਧਿਕਾਰੀਆ ਨੂੰ ਇਸ ਉਦਮ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪਾ ਕੇ ਸਿੱਖ ਕੌਮ ਦੀਆਂ ਭਾਵਨਾਵਾ ਅਨੁਸਾਰ ਇਸ ਜਾਂਚ ਨੂੰ ਸਹੀ ਢੰਗ ਨਾਲ ਪੂਰਨ ਕਰਨ ਵਿਚ ਸਹਿਯੋਗ ਕਰਨਾ ਚਾਹੀਦਾ ਹੈ ਨਾ ਕਿ ਆਨਾਕਾਨੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਹ ਗੰਭੀਰ ਮੁੱਦਾ ਹੋਰ ਦਿਸ਼ਾ ਵੱਲ ਮੁੜ ਪਵੇ ਉਸ ਤੋ ਪਹਿਲੇ ਐਸ.ਜੀ.ਪੀ.ਸੀ ਦੇ ਮੌਜੂਦਾ ਪ੍ਰਧਾਨ ਤੇ ਅਗਜੈਕਟਿਵ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮਾਂ ਨੂੰ ਪ੍ਰਵਾਨ ਕਰਦੇ ਹੋਏ ਇਹ ਜਿੰਮੇਵਾਰੀ ਇਮਾਨਦਾਰੀ ਨਾਲ ਪੂਰਨ ਕਰ ਦੇਣੀ ਚਾਹੀਦੀ ਹੈ।

## ਕੈਲਗਰੀ ਵਿੱਚ ਪੰਜਾਬੀ ਮੂਲ ਦੇ ਪਤੀ-ਪਤਨੀ ਦੀ ਭੇਤਭਰੇ ਹਾਲਾਤ ’ਚ ਮੌਤ

ਕੈਲਗਰੀ :-ਰੈੱਡਸਟੋਨ ਇਲਾਕੇ ਵਿਚ ਇਕ ਘਰ ਵਿਚ ਪੰਜਾਬੀ ਮੂਲ ਦੇ ਪਤੀ-ਪਤਨੀ ਦੀ ਮੌਤ ਹੋਣ ਦੀ ਖਬਰ ਹੈ। ਇਹ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਨ੍ਹਾਂ ਦੀ ਆਪਸ ਵਿਚ ਲੜਾਈ ਹੋਈ ਤੇ ਇਨ੍ਹਾਂ ਨੇ ਇਕ ਦੂਜੇ ’ਤੇ ਹਮਲਾ ਕਰ ਦਿੱਤਾ। ਇਸ ਤੋਂ ਪਹਿਲਾਂ ਪੁਲੀਸ ਅਧਿਕਾਰੀਆਂ ਨੂੰ ਸਵੇਰੇ 12:41 ਵਜੇ ਦੇ ਕਰੀਬ ਇਸ ਘਰ ਵਿਚ ਸ਼ੋਰ ਸ਼ਰਾਬੇ ਦੀ ਰਿਪੋਰਟ ਮਿਲੀ।

ਪੁਲੀਸ ਅਧਿਕਾਰੀ ਅਨੁਸਾਰ ਜਦੋਂ ਉਹ ਰੈੱਡਸਟੋਨ ਪਾਰਕ ਦੇ ਨੇੜੇ ਇੱਕ ਘਰ ਵਿਚ ਪਹੁੰਚੇ ਤਾਂ ਦੋ ਜਣਿਆਂ ’ਤੇ ਤੇਜ਼ ਹਥਿਆਰਾਂ ਦੇ ਨਿਸ਼ਾਨ ਮਿਲੇ। ਇਸ ਦੌਰਾਨ ਇਕ ਜਣੇ ਦੀ ਮੌਤ ਹੋ ਗਈ ਜਦਕਿ ਦੂਜੇ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਹਸਪਤਾਲ ਵਿੱਚ ਮੌਤ ਹੋਣ ਬਾਰੇ ਪਤਾ ਲੱਗਿਆ।


TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*
DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care

New & Emergency Patients Welcome
-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA

Prices Effective From 31st Dec 2025

# PUNJAB GROCERY BAZAAR

OLD KK MARKET

# SUPER SALE

## Happy New year 2026




**FIRST TIME IN USA — PREMIUM CANADIAN ATTA BRAND IS NOW AVAILABLE!**

Price
$13.99 LBS

+1 253-854-5236

23805, 104TH AVE SE, KENT, WA 98031, UNITED STATES

# ਭਾਰਤ ਨੂੰ ਵੱਡਾ ਝਟਕਾ:ਕਿਰਗਿਸਤਾਨ ਨੇ ਭਾਰਤੀ ਪਸ਼ੂ ਉਤਪਾਦਾਂ ‘ਤੇ ਲਾਈ ਪਾਬੰਦੀ

ਮਾਸਕੋ:ਭਾਰਤ ਵਿੱਚ ਫੈਲ ਰਹੇ ‘ਨਿਪਾਹ ਵਾਇਰਸ’ ਦੇ ਖ਼ਤਰੇ ਨੂੰ ਦੇਖਦੇ ਹੋਏ ਕਿਰਗਿਸਤਾਨ ਸਰਕਾਰ ਨੇ ਇੱਕ ਵੱਡਾ ਫੈਸਲਾ ਲਿਆ ਹੈ।ਕਿਰਗਿਸਤਾਨ ਨੇ ਭਾਰਤ ਤੋਂ ਜਾਨਵਰਾਂ ਅਤੇ ਪਸ਼ੂ ਉਤਪਾਦਾਂ ਦੇ ਆਯਾਤ ‘ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ।ਰੂਸੀ ਸਮਾਚਾਰ ਏਜੰਸੀ ‘ਤਾਸ’ ਅਨੁਸਾਰ, ਇਹ ਕਦਮ ਭਾਰਤ ਵਿੱਚ ਵਾਇਰਸ ਦੇ ਕਹਿਰ ਨੂੰ ਦੇਖਦੇ ਹੋਏ ਸੁਰੱਖਿਆ ਵਜੋਂ ਚੁੱਕਿਆ ਗਿਆ ਹੈ।ਕਿਰਗਿਸਤਾਨ ਦੀ ਰਾਜਧਾਨੀ ਬਿਸ਼ਕੇਕ ਅਤੇ ਦੂਜੇ ਵੱਡੇ ਸ਼ਹਿਰ ਓਸ਼ ਦੇ ਅੰਤਰਰਾਸ਼ਟਰੀ ਹਵਾਈ ਅੱਡਿਆਂ ‘ਤੇ ਆਉਣ ਵਾਲੇ ਯਾਤਰੀਆਂ ਲਈ ਸਖ਼ਤ ਨਿਯਮ ਲਾਗੂ ਕੀਤੇ ਗਏ ਹਨ। ਕਿਰਗਿਸਤਾਨ ਦੇ ਜਲ ਸਰੋਤ ਅਤੇ ਖੇਤੀਬਾੜੀ ਮੰਤਰਾਲੇ ਨੇ ਦੱਸਿਆ ਕਿ ਬਿਸ਼ਕੇਕ ਦੇ ਮਾਨਸ ਹਵਾਈ ਅੱਡੇ ‘ਤੇ ਆਉਣ ਵਾਲੇ ਹਰ ਯਾਤਰੀ ਦੇ ਤਾਪਮਾਨ ਦੀ ਜਾਂਚ ਵਿਸ਼ੇਸ਼ ਕੰਪਿਊਟਰਾਂ ਰਾਹੀਂ ਕੀਤੀ ਜਾ ਰਹੀ ਹੈ। ਬੁੱਧਵਾਰ ਨੂੰ ਭਾਰਤੀ ਪਸ਼ੂ ਉਤਪਾਦਾਂ ‘ਤੇ ਰਸਮੀ ਤੌਰ ‘ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਟਰੰਪ ਨੇ ਈਰਾਨ ਨੂੰ ਦਿੱਤਾ ਅਲਟੀਮੇਟਮ:‘ਸਮਝੌਤਾ ਕਰੋ ਜਾਂ ਤਬਾਹੀ ਲਈ ਰਹੋ ਤਿਆਰ’

ਵਾਸ਼ਿੰਗਟਨ- ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਸਿਖਰ ‘ਤੇ ਪਹੁੰਚ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਉਸ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਸਖ਼ਤ ਲਹਿਜੇ ਵਿੱਚ ਚਿਤਾਵਨੀ ਜਾਰੀ ਕੀਤੀ ਹੈ। ਟਰੰਪ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਈਰਾਨ ਨੇ ਜਲਦੀ ਸਮਝੌਤਾ ਨਾ ਕੀਤਾ ਤਾਂ ਉਸ ਨੂੰ ਅਜਿਹੀ ਫੌਜੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ, ਜੋ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਦੇਖੀ ਗਈ।ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ‘ਤੇ ਜਾਣਕਾਰੀ ਦਿੱਤੀ ਕਿ ਅਮਰੀਕਾ ਦਾ ਇੱਕ ਵੱਡਾ ਸਮੁੰਦਰੀ ਬੇੜਾ (ਓਸਸਿਵਏ ਅਰਮਓਦਓ), ਜਿਸ ਦੀ ਅਗਵਾਈ ਜੰਗੀ ਬੇੜਾ ੁਸ਼ਸ਼ ਅਬਰਓਹਓਮ ਲ਼ਿਨਚੋਲਨ ਕਰ ਰਿਹਾ ਹੈ, ਈਰਾਨ ਵੱਲ ਵਧ ਰਿਹਾ ਹੈ। ਟਰੰਪ ਨੇ ਲਿਖਿਆ, “ਉਮੀਦ ਹੈ ਕਿ ਈਰਾਨ ਜਲਦੀ ਗੱਲਬਾਤ ਦੀ ਮੇਜ਼ ‘ਤੇ ਆਵੇਗਾ ਅਤੇ ਇੱਕ ਨਿਰਪੱਖ ਸੌਦਾ ਕਰੇਗਾ – ਕੋਈ ਪ੍ਰਮਾਣੂ ਹਥਿਆਰ ਨਹੀਂ!”ਟਰੰਪ ਨੇ ਪੁਰਾਣੇ ਹਮਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜੇਕਰ ਈਰਾਨ ਹੁਣ ਵੀ ਨਾ ਮੰਨਿਆ ਤਾਂ ਅਗਲਾ ਹਮਲਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਘਾਤਕ ਹੋਵੇਗਾ। ਜ਼ਿਕਰਯੋਗ ਹੈ ਕਿ ਜੂਨ 2025 ਵਿੱਚ ਵੀ ਅਮਰੀਕੀ ਫੌਜਾਂ ਨੇ ਇਜ਼ਰਾਈਲ ਨਾਲ ਮਿਲ ਕੇ ਈਰਾਨ ਦੇ ਕਈ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ।ਦੂਜੇ ਪਾਸੇ, ਈਰਾਨ ਨੇ ਅਮਰੀਕੀ ਧਮਕੀਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ।



# ਦੁਨੀਆ ਭਰ ਦੇ ਦੇਸ਼ਾਂ ਨਾਲ ਕਾਰੋਬਾਰ ਕਰਨਾ ਚਾਹੁੰਦੇ ਹਨ ਕਾਰਨੀ



ਓਟਵਾ:ਇੱਕਲੇ ਅਮਰੀਕਾ ਦੀ ਥਾਂ ਹੋਰਨਾਂ ਮੁਲਕਾਂ ਨਾਲ ਟਰੇਡ ਕਰਨ ਲਈ ਕਾਰਨੀ ਪੂਰੀ ਤਰ੍ਹਾਂ ਤਿਆਰ ਹਨ।ਕਾਰਨੀ ਨੇ ਇੱਕ ਸੰਬੋਧਨ ਦੌਰਾਨ ਆਖਿਆ ਕਿ ਕੈਨੇਡਾ ਭਾਰਤ ਨਾਲ ਨਵੇਂ ਟਰੇਡ ਸਬੰਧ ਸ਼ੁਰੂ ਕਰੇਗਾ ਤੇ ਆਸੀਆਨ ਦੇ ਨਾਲ ਨਾਲ ਮੈਰਕੋਸਰ ਬਲਾਕ ਨਾਲ ਵੀ ਕਾਰੋਬਾਰੀ ਸਬੰਧ ਵਧਾਵੇਗਾ।ਆਸੀਆਨ ਵਿੱਚ ਕੰਬੋਡੀਆ, ਇੰਡੋਨੇਸ਼ੀਆ, ਮਲੇਸ਼ੀਆ, ਮਿਆਂਮਾਰ, ਫਿਲੀਪੀਨਜ਼, ਸਿੰਗਾਪੁਰ, ਥਾਈਲੈਂਡ, ਵਿਅਤਨਾਮ, ਟਿਮੋਰ ਲੈਸਟੇ, ਬਰੂਨੇਈ ਦਾਰੂਸ਼ਲੇਮ ਤੇ ਲਾਓ ਪੀਪਲਜ਼ ਡੈਮੋਕ੍ਰੇਟਿਕ ਰਿਪਬਲਿਕ ਦੇਸ਼ ਸ਼ਾਮਲ ਹਨ।ਮੈਰਕੋਸਰ ਦੀਆਂ ਮੁੱਖ ਪਾਰਟੀਆਂ ਵਿੱਚ ਅਰਜਨਟੀਨਾ, ਬੋਲੀਵੀਆ, ਬ੍ਰਾਜ਼ੀਲ , ਪੈਰਾਗੁਏ ਤੇ ਉਰੂਗੁਏ ਸ਼ਾਮਲ ਹਨ।ਵੈਨੇਜ਼ੁਏਲਾ ਵੀ ਇਸ ਦਾ ਮੈਂਬਰ ਹੈ ਪਰ ਉਸ ਦੇ ਅਧਿਕਾਰਾਂ ਤੇ ਜ਼ਿੰਮੇਵਾਰੀਆਂ ਅਜੇ ਸਟੇਟ ਵਜੋਂ ਸਸਪੈਂਡ ਚੱਲ ਰਹੀਆਂ ਹਨ।ਇਸ ਦੇ ਨਾਲ ਦੇ ਹੋਰ ਦੇਸ਼ਾਂ ਵਿੱਚ ਚਿਲੀ, ਕੋਲੰਬੀਆ, ਇਕੁਆਡੋਰ, ਗਾਇਨਾ, ਪਨਾਮਾ, ਪੇਰੂ ਤੇ ਸੂਰੀਨਾਮ ਸ਼ਾਮਲ ਹਨ।

# ਆਟੋ ਸੈਕਟਰ ਵਿੱਚ ਸਹਿਯੋਗ ਲਈ ਕੈਨੇਡਾ ਨੇ ਦੱਖਣੀ ਕੋਰੀਆ ਨਾਲ ਕੀਤਾ ਸਮਝੌਤਾ

ਓਟਵਾ: ਆਟੋ ਮੈਨੂਫੈਕਚਰਿੰਗ ਦਾ ਕੰਮ ਕੈਨੇਡਾ ਲਿਆਉਣ ਲਈ ਰਿਪਬਲਿਕ ਆਫ ਕੋਰੀਆ ਨਾਲ ਫੈਡਰਲ ਸਰਕਾਰ ਵੱਲੋਂ ਇੱਕ ਐਮਓਯੂ ਸਾਈਨ ਕੀਤਾ ਗਿਆ ਹੈ। ਆਟੋ ਇੰਡਸਟਰੀ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਦੋਵਾਂ ਮੁਲਕਾਂ ਵੱਲੋਂ ਸਹਿਯੋਗ ਵਧਾਉਣ ਲਈ ਸਹਿਮਤੀ ਪ੍ਰਗਟਾਈ ਗਈ ਹੈ।

ਇਸ ਦੌਰਾਨ ਵਧੇਰੇ ਧਿਆਨ ਆਟੋ ਸੈਕਟਰ ਉੱਤੇ ਦੇਣ ਲਈ ਰਜ਼ਾਮੰਦੀ ਵੀ ਬਣੀ ਹੈ। ਮੰਗਲਵਾਰ ਨੂੰ ਇੰਡਸਟਰੀ ਮੰਤਰੀ ਮਿਲੇਨੀ ਜੋਲੀ ਤੇ ਉਨ੍ਹਾਂ ਦੇ ਦੱਖਣੀ ਕੋਰੀਆਈ ਹਮਰੁਤਬਾ ਅਧਿਕਾਰੀ ਜੰਗ ਕਾਨ ਕਿੰਮ ਵੱਲੋਂ ਇਸ ਸਮਝੌਤੇ ਉੱਤੇ ਸਹੀ ਪਾਈ ਗਈ।

# “ਬੰਬ ਤਿਆਰ, ਦੱਸੋ ਨੱਪ ਦੇਈਏ ਬਟਨ..?” ਈਰਾਨ ਦੀ ਅਮਰੀਕਾ ਨੂੰ ਸਿੱਧੀ ਧਮਕੀ

ਤਹਿਰਾਨ:ਸਰਕਾਰ ਖ਼ਿਲਾਫ਼ ਪ੍ਰਦਰਸ਼ਨਾਂ ਦੌਰਾਨ ਸੜਕਾਂ ‘ਤੇ ਉਤਰੇ ਪ੍ਰਦਰਸ਼ਨਕਾਰੀਆਂ ਦੇ ਕਤਲੇਆਮ ਮਗਰੋਂ ਅਮਰੀਕਾ ਨੇ ਈਰਾਨ ਪ੍ਰਸ਼ਾਸਨ ਨੂੰ ਇਹ ਕਾਰਵਾਈਆਂ ਤੁਰੰਤ ਰੋਕਣ ਦੇ ਹੁਕਮ ਦਿੱਤੇ ਹਨ ਤੇ ਕਿਹਾ ਕਿ ਜੇਕਰ ਇਹ ਕਾਰਵਾਈਆਂ ਜਾਰੀ ਰਹੀਆਂ ਤਾਂ ਈਰਾਨ ਅਮਰੀਕੀ ਹਮਲੇ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

ਇਸੇ ਦੌਰਾਨ ਇਕ ਹੋਰ ਵੱਡੀ ਖ਼ਬਰ ਸਾਹਮਣੇ ਆਈ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਵਿਰੁੱਧ ਫੌਜੀ ਕਾਰਵਾਈ ਦੀਆਂ ਧਮਕੀਆਂ ਨੂੰ ਦੁਹਰਾਉਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਜੰਗ ਵਰਗੀ ਸਥਿਤੀ ਬਣ ਗਈ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਈਰਾਨ ਨੇ ਸਮਝੌਤਾ ਨਾ ਕੀਤਾ ਤਾਂ ਉਸ ਨੂੰ ਭਾਰੀ ਨਤੀਜੇ ਭੁਗਤਣੇ ਪੈਣਗੇ।

# ਭਾਜਪਾ ਆਗੂਆਂ ਵਿੱਚ ਘਮਸਾਣ ਉੱਚਜਾਤੀ ਆਗੂ ਆਏ ਵਿਰੋਧ ਵਿੱਚ

ਦਿੱਲੀ:-ਭਾਰਤ ਦੀਆਂ ਉੱਚ ਸਿੱਖਿਆ ਸੰਸਥਾਵਾਂ ਵਿੱਚ ਜਾਤੀ ਅਧਾਰਿਤ ਵਿਤਕਰਾ ਖ਼ਤਮ ਕਰਨ ਲਈ ਯੂਜੀਸੀ ਦੇ ਨਵੇਂ ਨਿਯਮਾਂ ਨੂੰ ਲੈ ਕੇ ਦੇਸ਼ ਭਰ ਵਿੱਚ ਵਿਰੋਧ ਅਤੇ ਸਮਰਥਨ ਤੇਜ਼ ਹੋ ਗਿਆ ਹੈ।ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਉੱਚ ਜਾਤੀ ਵਿਦਿਆਰਥੀਆਂ ਨੇ ਨਵੇਂ ਨਿਯਮਾਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ, ਤਾਂ ਕਈ ਭਾਜਪਾ ਆਗੂਆਂ ਨੇ ਵੀ ਇਹ ਨਿਯਮ ਵਾਪਸ ਲੈਣ ਜਾਂ ਇਨ੍ਹਾਂ ਵਿੱਚ ਸੋਧ ਕਰਨ ਦੀ ਮੰਗ ਕੀਤੀ ਹੈ।ਭਾਜਪਾ ਦੇ ਅੰਦਰ ਵੀ ਇਸ ਮਸਲੇ ‘ਤੇ ਹਲਚਲ ਮਚੀ ਹੋਈ ਹੈ। ਪਾਰਟੀ ਦੇ ਵੱਡੇ ਆਗੂ ਇਹ ਭਰੋਸਾ ਦਿਵਾ ਰਹੇ ਹਨ ਕਿ ਇਨ੍ਹਾਂ ਨਿਯਮਾਂ ਕਾਰਨ ਕਿਸੇ ਨਾਲ ਵਿਤਕਰਾ ਨਹੀਂ ਹੋਵੇਗਾ, ਪਰ ਜ਼ਮੀਨੀ ਪੱਧਰ ਨਾਲ ਜੁੜੇ ਕਈ ਕਾਰਕੁਨ ਅਤੇ ਕੁਝ ਆਗੂ ਇਸ ਦਾ ਵਿਰੋਧ ਵੀ ਕਰ ਰਹੇ ਹਨ।ਕਈ ਥਾਵਾਂ ਤੋਂ ਭਾਜਪਾ ਅਧਿਕਾਰੀਆਂ ਦੇ ਅਸਤੀਫ਼ਿਆਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਇਹ ਮਾਮਲਾ ਹੁਣ ਸੁਪਰੀਮ ਕੋਰਟ ਤੱਕ ਵੀ ਪਹੁੰਚ ਗਿਆ ਹੈ।ਇਸ ਮਸਲੇ ‘ਤੇ ਇੱਕ ਖ਼ਾਸ ਗੱਲ ਇਹ ਹੈ ਕਿ ਸਮਰਥਨ ਅਤੇ ਵਿਰੋਧ ਦੋਵਾਂ ਵਿੱਚ ਭਾਜਪਾ, ਕਾਂਗਰਸ ਅਤੇ ਹੋਰ ਦਲਾਂ ਦੇ ਲੋਕ ਨਜ਼ਰ ਆ ਰਹੇ ਹਨ। ਮਤਲਬ, ਇਹ ਮਸਲਾ ਪਾਰਟੀ ਲਾਈਨ ਤੋਂ ਪਰ੍ਹੇ ਇੱਕ ਮੁੱਦਾ ਬਣ ਗਿਆ ਹੈ।




ਲੇਡੀਜ ਟੇਲਰਿੰਗ

*Simple Suit $40 *Lehnga $100

*Lining Suit $70 *Zipper $5 Extra

Shirt with Lining $60 Alteration Starts from $10

ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ

604-799-8160

October end

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਕੈਨੇਡਾ ਜਾਰੀ ਕਰੇਗਾ 1.70 ਲੱਖ ਨਵੇਂ ਵਰਕ ਪਰਮਿਟ

ਟੋਰਾਂਟੋ: ਕੈਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਟੀਚਿਆਂ ਵਿਚ ਅਚਨਚੇਤ ਵਾਧਾ ਕਰਦਿਆਂ ਐਲ.ਐਮ.ਆਈ.ਏ. ਦੀ ਸ਼ਰਤ ਤੋਂ ਬਗੈਰ ਜਾਰੀ ਕੀਤੇ ਜਾਣ ਵਾਲੇ ਵਰਕ ਪਰਮਿਟਸ ਦੀ ਗਿਣਤੀ ਵਧਾ ਕੇ 1 ਲੱਖ 70 ਹਜ਼ਾਰ ਕਰ ਦਿਤੀ ਹੈ। ਜੀ ਹਾਂ, ਇੰਟਰਨੈਸ਼ਨਲ ਮੋਬੀਲਿਟੀ ਪ੍ਰੋਗਰਾਮ ਅਧੀਨ ਨਵਾਂ ਅੰਕੜਾ ਜਾਰੀ ਕੀਤਾ ਗਿਆ ਹੈ ਜਦਕਿ ਇਸ ਤੋਂ ਪਹਿਲਾਂ ਮੌਜੂਦਾ ਵਰ੍ਹੇ ਦੌਰਾਨ 1 ਲੱਖ 28 ਹਜ਼ਾਰ 700 ਵਰਕ ਪਰਮਿਟ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਦਿਲਚਸਪ ਤੱਥ ਇਹ ਹੈ ਕਿ ਸਾਰੇ 1 ਲੱਖ 70 ਹਜ਼ਾਰ ਵਿਦੇਸ਼ੀ ਨਾਗਰਿਕ ਨਵੇਂ ਹੋਣਗੇ ਅਤੇ ਕੈਨੇਡਾ ਵਿਚ ਮੌਜੂਦ ਪ੍ਰਵਾਸੀਆਂ ਦੇ ਵਰਕ ਪਰਮਿਟ ਨਵਿਆਉਣ ਦਾ ਅੰਕੜਾ ਇਸ ਵਿਚ ਸ਼ਾਮਲ ਨਹੀਂ।

ਦੂਜੇ ਪਾਸੇ ਐਲ.ਐਮ.ਆਈ.ਏ. ਦੀ ਸ਼ਰਤ ਅਧੀਨ ਟੈਂਪਰੇਰੀ ਫੌਰਨ ਵਰਕਰਜ਼ ਨੂੰ ਸਿਰਫ਼ 60 ਹਜ਼ਾਰ ਵੀਜ਼ੇ ਦੇਣ ਦਾ ਫੈਸਲਾ ਲਿਆ ਗਿਆ ਹੈ ਜਦਕਿ ਇਸ ਤੋਂ ਪਹਿਲਾਂ 2026 ਦੌਰਾਨ 82 ਹਜ਼ਾਰ ਵਰਕ ਪਰਮਿਟ ਦੇਣ ਦਾ ਐਲਾਨ ਕੀਤਾ ਗਿਆ ਸੀ।

ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ ਦੀ ਸ਼ਰਤ ਵਾਲੇ ਵਰਕ ਪਰਮਿਟਸ ਵਿਚ ਵੱਡੇ ਪੱਧਰ ’ਤੇ ਘਪਲਾ ਹੋਣ ਦੀਆਂ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਸਨ ਅਤੇ ਸੰਭਾਵਤ ਤੌਰ ’ਤੇ ਇਸੇ ਕਰ ਕੇ ਕੈਨੇਡਾ ਸਰਕਾਰ ਵੱਲੋਂ ਐਲ.ਐਮ.ਆਈ.ਏ. ਦੀ ਸ਼ਰਤ ਤੋਂ ਬਗੈਰ ਦਿਤੇ ਜਾਣ ਵਾਲੇ ਵਰਕ ਪਰਮਿਟਸ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ।


basant
motors
16315 Fraser Highway, Surrey, BC
604 572 7880
basantmotors.com


## ਕੈਨੇਡਾ ਵਿੱਚ 16,499 ਲੋਕਾਂ ਨੇ ਲਗਵਾਇਆ ਜ਼ਹਿਰ ਦਾ ਟੀਕਾ

ਟੋਰਾਂਟੋ: ਕੈਨੇਡਾ ਵਿਚ ਡਾਕਟਰ ਤੋਂ ਜ਼ਹਿਰ ਦਾ ਟੀਕਾ ਲਗਵਾਉਣ ਵਾਲਿਆਂ ਦੀ ਸਾਲਾਨਾ ਗਿਣਤੀ 16 ਹਜ਼ਾਰ ਤੋਂ ਟੱਪ ਗਈ ਹੈ ਅਤੇ ਹਾਲ ਹੀ ਵਿਚ ਇਕ ਡਾਕਟਰ ਵੱਲੋਂ ਮਰੀਜ਼ ਨੂੰ ਇੱਛਾ ਮੌਤ ਦੇਣ ਦਾ ਮਾਮਲਾ ਬੇਹੱਦ ਭਖ ਗਿਆ ਹੈ। ਨੇਤਰਹੀਣ ਅਤੇ ਡਾਇਬਟੀਜ਼ ਦੀ ਬਿਮਾਰੀ ਤੋਂ ਪੀੜਤ 26 ਸਾਲਾ ਨੌਜਵਾਨ ਦੀ ਮਾਂ ਦੇ ਹੰਝੂ ਨਹੀਂ ਰੁਕ ਰਹੇ ਜੋ 2022 ਵਿਚ ਆਪਣੇ ਪੁੱਤ ਨੂੰ ਬਚਾਉਣ ਵਿਚ ਸਫ਼ਲ ਰਹੀ ਪਰ 30 ਦਸੰਬਰ 2025 ਨੂੰ ਇੱਛਾ ਮੌਤ ਦੀ ਇਜਾਜ਼ਤ ਮਿਲ ਗਈ। ਵਿਲਕਦੀ ਮਾਂ ਨੇ ਦੱਸਿਆ ਕਿ ਉਸ ਦੇ ਪੁੱਤ ਦੀ ਸਰੀਰਕ ਹਾਲਤ ਐਨੀ ਮਾੜੀ ਨਹੀਂ ਸੀ ਕਿ ਇੱਛਾ ਮੌਤ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਕੈਨੇਡੀਅਨ ਕਾਨੂੰਨ ਮੁਤਾਬਕ ਸਿਰਫ਼ ਉਨ੍ਹਾਂ ਮਰੀਜ਼ਾਂ ਨੂੰ ਡਾਕਟਰ ਦੀ ਸਹਾਇਤਾ ਨਾਲ ਖੁਦਕੁਸ਼ੀ ਦਾ ਹੱਕ ਹੈ ਜਿਨ੍ਹਾਂ ਦੀ ਬਿਮਾਰੀ ਲਾਇਲਾਜ ਅਤੇ ਅਸਹਿਣਯੋਗ ਹੋਵੇ। ਪੁੱਤ ਦੇ ਵਿਛੋੜੇ ਵਿਚ ਦਰ-ਦਰ ਦੀਆਂ ਠੋਕਰਾਂ ਖਾ ਰਹੀ ਮਾਰਗ੍ਰੈਟ ਮਾਰਸੀਆ ਨੇ ਦੱਸਿਆ ਕਿ ਦੁਨੀਆਂ ਦੀ ਕੋਈ ਆਪਣੇ ਬੱਚੇ ਨੂੰ ਆਪਣੇ ਹੱਥੀਂ ਦਫ਼ਨਾਉਣਾ ਨਹੀਂ ਚਾਹੇਗੀ। ਮਾਰਗ੍ਰੈਅ ਦੇ ਦੁਖਾਂ ਦੀ ਕਹਾਣੀ ਤਕਰੀਬਨ 9 ਸਾਲ ਪਹਿਲਾਂ ਸ਼ੁਰੂ ਹੋਈ ਜਦੋਂ ਉਸ ਦਾ ਬੇਟਾ ਕਿਆਨੋ ਵੈਫ਼ਾਇਨ 17 ਸਾਲ ਦੀ ਉਮਰ ਵਿਚ ਦਰਦਨਾਕ ਕਾਰ ਹਾਦਸੇ ਦਾ ਸ਼ਿਕਾਰ ਬਣ ਗਿਆ।

## ਕੈਨੇਡੀਅਨ ਇੱਕ ਡਾਲਰ ਦਾ ਭਾਅ 68 ਰੁਪਏ ਤੋਂ ਟੱਪਿਆ

ਆਟਵਾ:ਕੈਨੇਡੀਅਨ ਡਾਲਰ ਦਿਨੋ ਦਿਨ ਮਜ਼ਬੂਤੀ ਫੜਨ ਲੱਗਾ ਹੈ। ਕਰੰਸੀ ਐਕਸਚੇਂਜ ਐਪ ਮੁਤਾਬਕ ਇਕ ਕੈਨੇਡੀਅਨ ਡਾਲਰ ਦਾ ਮੁੱਲ 68 ਭਾਰਤੀ ਰੁਪਏ ਹੋ ਗਿਆ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਵੀ ਕੈਨੇਡਿਆਈ ਡਾਲਰ ਮਜ਼ਬੂਤ ਹੋਇਆ ਹੈ ਤੇ 74 ਸੈਂਟ ਤੋਂ ਥੋੜ੍ਹਾ ਉਪਰ ਹੋ ਗਿਆ ਹੈ, ਜਦ ਕਿ ਤਿੰਨ ਕੁ ਮਹੀਨੇ ਇਹ 68 ਅਮਰਕੀਨ ਸੈਂਟਾਂ ਦੇ ਨੇੜੇ ਤੇੜੇ ਸੀ।

ਆਰਥਿਕ ਮਾਹਰ ਕੈਨੇਡੀਅਨ ਡਾਲਰ ਦੀ ਮਜ਼ਬੂਤੀ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਅਤੇ ਸਫਲ ਨੀਤੀਆਂ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਟੈਰਿਫ ਸ਼ਰਤਾਂ ਮੂਹਰੇ ਗੋਡੇ ਟੇਕਣ ਦੀ ਥਾਂ ਪ੍ਰਧਾਨ ਮੰਤਰੀ ਵਲੋਂ ਆਲਮੀ ਨਿਰਭਰਤਾ ਘਟਾ ਕੇ ਘਰੇਲੂ ਉਦਯੋਗ ਲਈ ਨਵੀਆਂ ਮੰਡੀਆਂ ਤਲਾਸ਼ੇ ਜਾਣ ਦੇ ਯਤਨਾਂ ਕਾਰਨ ਦੇਸ਼ ਦੇ ਅਰਥਚਾਰੇ ਦਾ ਰੁਝਾਨ ਮਜ਼ਬੂਤੀ ਵੱਲ ਰਿੜ ਪਿਆ ਹੈ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200



BADH & REJMINIAK LLP
ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice
We provide Legal Services in the following areas:
• Civil Litigation
• Immigration
• Family Law
• Business Law
• Real Estate Transactions
• Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ
• ਸਿਵਲ ਮੁਕੱਦਮਾ
• ਇੰਮੀਗ੍ਰੇਸ਼ਨ
• ਫੈਮਿਲੀ ਲਾਅ
• ਬਿਜਨਸ ਲਾਅ
• ਰੀਅਲ ਐਸਟੇਟ ਲੈਣ ਦੇਣ
• ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ



Ph: 604-503-3132
Fax:604-503-3133
Web:www.bnrlaw.ca
Gurpreet Badh, BSc, LLB
Barrister & Solicitor
#2006-7495, 132 St, Surrey, BC V3W 1J8

# ਮਿਨੀਸੋਟਾ 'ਚ ਟਰੰਪ ਪ੍ਰਸ਼ਾਸਨ ਦੀ ਸਖਤ ਇਮੀਗ੍ਰੇਸ਼ਨ ਕਾਰਵਾਈ ਖਿਲਾਫ ਹਜ਼ਾਰਾਂ ਲੋਕ ਸੜਕਾਂ 'ਤੇ ਉੱਤਰੇ

# ਲਗਭਗ 100 ਪਾਦਰੀ ਪੁਲਿਸ ਵੱਲੋਂ ਗ੍ਰਿਫਤਾਰ

ਮਿਨੀਆਪੋਲਿਸ- ਅਮਰੀਕਾ 'ਚ ਮਿਨੀਸੋਟਾ ਸੂਬੇ ਦੇ ਸਭ ਤੋਂ ਵੱਡੇ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਇਨਫੋਰਸਮੈਂਟ ਦੇ ਵਿਰੋਧ 'ਚ ਵਿਖਾਵਾ ਕਰ ਰਹੇ ਲਗਭਗ 100 ਪਾਦਰੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਸ ਦੌਰਾਨ ਕੜਾਕੇ ਦੀ ਠੰਢ ਦੇ ਬਾਵਜੂਦ ਹਜ਼ਾਰਾਂ ਲੋਕ ਮਿਨੀਆਪੋਲਿਸ ਉਪਨਗਰ 'ਚ ਟਰੰਪ ਪ੍ਰਸ਼ਾਸਨ ਦੀ ਸਖਤ ਇਮੀਗ੍ਰੇਸ਼ਨ ਕਾਰਵਾਈ ਖਿਲਾਫ ਸੜਕਾਂ 'ਤੇ ਉਤਰੇ। ਇਹ ਵਿਖਾਵੇ ਸੂਬੇ ਭਰ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਧੀਆਂ ਹੋਈਆਂ ਇਮੀਗ੍ਰੇਸ਼ਨ ਕਾਰਵਾਈਆਂ ਦੇ ਵਿਰੋਧ 'ਚ ਜਾਰੀ ਵਿਆਪਕ ਅੰਦੋਲਨ ਦਾ ਹਿੱਸਾ ਹਨ। ਮਜ਼ਦੂਰ ਸੰਘਾਂ, ਪ੍ਰਗਤੀਸ਼ੀਲ ਸੰਗਠਨਾਂ ਅਤੇ ਧਰਮ ਗੁਰੂਆਂ ਨੇ ਮਿਨੀਸੋਟਾ ਦੇ ਲੋਕਾਂ ਨੂੰ ਕੰਮ, ਸਕੂਲ ਅਤੇ ਇੱਥੋਂ ਤਕ ਕਿ ਦੁਕਾਨਾਂ 'ਤੇ ਵੀ ਨਾ ਜਾਣ ਦੀ ਅਪੀਲ ਕੀਤੀ ਹੈ।

'ਮੈਟਰੋਪਾਲੀਟਨ ਏਅਰਪੋਰਟਸ ਕਮਿਸ਼ਨ' ਦੇ ਬੁਲਾਰੇ ਜੇਫ ਲੀ ਨੇ ਦੱਸਿਆ ਕਿ ਪਾਦਰੀਆਂ ਨੂੰ ਗੈਰ-ਕਾਨੂੰਨੀ ਦਾਖਲੇ ਅਤੇ ਸ਼ਾਂਤੀ ਅਧਿਕਾਰੀ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮਾਮੂਲੀ ਅਪਰਾਧ ਦੇ ਨੋਟਿਸ ਦਿੱਤੇ ਗਏ ਅਤੇ ਬਾਅਦ 'ਚ ਛੱਡ ਦਿੱਤਾ ਗਿਆ।

ਉਨ੍ਹਾਂ ਨੂੰ ਮਿਨੀਆਪੋਲਿਸ ਸੇਂਟ ਪਾਲ ਕੌਮਾਂਤਰੀ ਹਵਾਈ ਅੱਡੇ ਦੇ ਮੁੱਖ ਟਰਮੀਨਲ ਦੇ ਬਾਹਰ ਇਸ ਲਈ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਉਹ ਹਵਾਈ ਸੇਵਾਵਾਂ ਵਿਚ ਰੁਕਾਵਟ ਪਾ ਰਹੇ ਸਨ। ਵਿਖਾਵਾਕਾਰੀਆਂ ਨੇ ਅਮਰੀਕਾ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੂੰ ਮਿਨੀਸੋਟਾ ਤੋਂ ਜਾਣ ਦੀ ਮੰਗ ਕੀਤੀ। ਵਿਖਾਵੇ ਦੇ ਆਯੋਜਕਾਂ ਨੇ ਦੱਸਿਆ ਕਿ ਪੂਰੇ ਸੂਬੇ 'ਚ ਇਕਜੁੱਟਤਾ ਦੇ ਤੌਰ 'ਤੇ 700 ਤੋਂ ਵੱਧ ਕਾਰੋਬਾਰ ਬੰਦ ਰਹੇ। ਇਸ ਦੌਰਾਨ ਗ੍ਰਹਿ ਮੰਤਰਾਲਾ ਨੇ ਪੁਸ਼ਟੀ ਕੀਤੀ ਕਿ 2 ਸਾਲਾ ਤੇ 5 ਸਾਲਾ ਬੱਚਿਆਂ ਨੂੰ ਉਨ੍ਹਾਂ ਦੇ ਪਿਤਾ ਦੇ ਨਾਲ ਹਿਰਾਸਤ ਵਿਚ ਲਿਆ ਗਿਆ ਹੈ। ਅਸਲ 'ਚ ਮਿਨੀਸੋਟਾ 'ਚ ਫੈਡਰਲ ਏਜੰਟ ਸਕੂਲ ਤੋਂ ਘਰ ਵਾਪਸ ਆ ਰਹੇ 5 ਸਾਲਾ ਬੱਚੇ ਨੂੰ ਉਸ ਦੇ ਪਿਤਾ ਦੇ ਨਾਲ ਟੈਕਸਾਸ ਦੇ ਇਕ ਹਿਰਾਸਤ ਕੇਂਦਰ ਵਿਚ ਲੈ ਗਏ।



# ਅਮਰੀਕਾ 'ਚ ਰਾਜਨੀਤਿਕ ਸ਼ਰਣ ਵਾਲਿਆਂ 'ਤੇ ਡਿੱਗੀ ਗਾਜ਼

ਵਾਸ਼ਿੰਗਟਨ ਡੀ.ਸੀ.- ਟਰੰਪ ਪ੍ਰਸ਼ਾਸਨ ਵੱਲੋਂ ਪਿਛਲੇ ਦਿਨੀਂ ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਰਾਜਨੀਤਿਕ ਸ਼ਰਣ 'ਤੇ ਅਸਥਾਈ ਪਾਬੰਦੀ ਲਾ ਦਿੱਤੀ ਜਾਵੇਗੀ, ਜਿਸ ਦਾ ਅਸਰ ਹੁਣ ਦੇਖਣ ਨੂੰ ਮਿਲ ਰਿਹਾ ਹੈ। ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਸਾਲ 2025 ਦੇ ਅਖੀਰ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਰਾਜਨੀਤਿਕ ਸ਼ਰਣ ਬੰਦ ਕਰ ਦਿੱਤੀ ਜਾਵੇਗੀ। ਇਸ ਦੌਰਾਨ ਲੰਬਿਤ ਅਤੇ ਨਵੀਆਂ ਸ਼ਰਣ ਅਰਜ਼ੀਆਂ (Form I-589) ਨੂੰ ਰੋਕ ਦਿੱਤਾ ਗਿਆ ਹੈ। 2023 'ਚ ਬਾਇਡਨ ਪ੍ਰਸ਼ਾਸਨ ਦੀਆਂ ਨੀਤੀਆਂ ਕਾਰਨ ਵੱਡੀ ਗਿਣਤੀ ਵਿਚ ਲੋਕ ਬਾਰਡਰ ਟੱਪ ਕੇ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚੇ ਸਨ। ਇਸ ਦੌਰਾਨ ਇੰਟਰਵਿਊਜ਼ ਤਾਂ ਜਾਰੀ ਹਨ, ਪਰ ਅਸਾਇਲਮ ਕੇਸਾਂ ਦੇ ਪਾਸ ਪ੍ਰਤੀਸ਼ਤ ਨਾਂਹ ਦੇ ਬਰਾਬਰ ਹੈ।

ਪਿਛਲੇ ਸਮੇਂ ਦੌਰਾਨ ਰਾਜਨੀਤਿਕ ਸ਼ਰਣ ਦਾ ਸਮਰਥਨ ਕਰਨ ਵਾਲੇ ਕੁੱਝ ਜੱਜਾਂ ਨੂੰ ਰਾਸ਼ਟਰਪਤੀ ਟਰੰਪ ਵੱਲੋਂ ਬਰਖਾਸਤ ਕਰ ਦਿੱਤਾ ਗਿਆ ਸੀ। ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਰਾਸ਼ਟਰਪਤੀ ਨੇ ਵੱਡੀ ਗਿਣਤੀ ਵਿਚ ਜੱਜਾਂ ਨੂੰ ਬਰਖਾਸਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਬਾਹਰੋਂ ਅਮਰੀਕਾ 'ਚ ਆਉਣ ਵਾਲੇ ਬਹੁਤ ਸਾਰੇ ਲੋਕ ਇਥੇ ਪੱਕੇ ਹੋਣ ਲਈ ਰਾਜਨੀਤਿਕ ਸ਼ਰਣ ਲੈਣ ਦਾ ਸਹਾਰਾ ਲੈਂਦੇ ਸੀ, ਜੋ ਨਸਲ, ਧਰਮ, ਰਾਜਨੀਤਿਕ ਰਾਏ, ਕੌਮੀਅਤ ਜਾਂ ਕਿਸੇ ਖਾਸ ਸਮਾਜਿਕ ਸਮੂਹ ਵਿਚ ਮੈਂਬਰਸ਼ਿਪ ਕਾਰਨ ਆਪਣੇ ਦੇਸ਼ ਵਿਚ ਜਾਣ ਦਾ ਖਤਰਾ ਦੱਸ ਕੇ ਇੱਥੇ ਸ਼ਰਣ ਲਈ ਅਪਲਾਈ ਕਰਦੇ ਸਨ, ਜਿਸ ਦੇ ਲਈ ਅਮਰੀਕਾ ਪਹੁੰਚਣ ਦੇ ਇੱਕ ਸਾਲ ਦੇ ਵਿਚ-ਵਿਚ (Form I-589) ਦਾਇਰ ਕਰਦੇ ਸਨ। ਉਨ੍ਹਾਂ ਨੂੰ ਤਿਆਰੀ ਕਰਨ ਲਈ ਇੱਕ ਵਕੀਲ ਦੀ ਜ਼ਰੂਰਤ ਹੁੰਦੀ ਹੈ। ਇਹ ਕੇਸ ਪਾਸ ਕਰਾਉਣ ਲਈ ਜੱਜ ਸਾਹਮਣੇ ਆਪਣੇ ਨਾਲ ਹੋਈਆਂ ਵਧੀਕੀਆਂ ਬਾਰੇ ਸਬੂਤਾਂ ਸਮੇਤ ਦੱਸਣਾ ਪੈਂਦਾ ਹੈ। ਅਰਜ਼ੀਕਰਤਾ ਆਪਣੇ ਨਾਲ ਆਪਣੇ ਜੀਵਨਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚਿਆਂ ਨੂੰ ਵੀ ਪੱਕੇ ਕਰਾ ਸਕਦੇ ਸਨ। ਇਹ ਪਾਬੰਦੀਆਂ ਅਸਥਾਈ ਤੌਰ 'ਤੇ ਹਨ। ਆਉਣ ਵਾਲੇ ਸਮੇਂ ਵਿਚ ਪ੍ਰਸ਼ਾਸਨ ਵੱਲੋਂ ਇਸ 'ਤੇ ਦੁਬਾਰਾ ਵਿਚਾਰ ਵੀ ਕੀਤਾ ਜਾ ਸਕਦਾ ਹੈ।

# ਗੈਰ ਕਾਨੂੰਨੀ ਲੋਕਾਂ ਨੂੰ ਰੱਖਣ 'ਤੇ ਮਾਲਕ ਮਕਾਨਾਂ ਦੀ ਆਵੇਗੀ ਸ਼ਾਮਤ

ਵਾਸ਼ਿੰਗਟਨ ਡੀ.ਸੀ.- ਯੂ.ਐੱਸ. ਡਿਪਾਰਟਮੈਂਟ ਆਫ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਵਿਭਾਗ ਨੇ ਦੇਸ਼ ਵਿਆਪੀ ਨਾਗਰਿਕਤਾ ਜਾਂਚ ਦੇ ਆਦੇਸ਼ ਦਿੱਤੇ ਹਨ, ਜਿਸ ਨਾਲ ਇਥੇ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਕਿਰਾਏਦਾਰਾਂ ਬਾਰੇ ਪਤਾ ਲਗਾਇਆ ਜਾ ਸਕੇਗਾ।

ਅਮਰੀਕਾ ਦੇ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਦੇਸ਼ ਭਰ ਦੇ ਜਨਤਕ ਰਿਹਾਇਸ਼ੀ ਮਾਲਕਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਿਰਾਏਦਾਰਾਂ ਦੀ ਨਾਗਰਿਕਤਾ ਅਤੇ ਯੋਗਤਾ ਦੀ ਤੁਰੰਤ ਪੁਸ਼ਟੀ ਕਰਨ ਕਿਉਂਕਿ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਇਸ ਸੰਬੰਧੀ ਬਹੁਤ ਸਾਰੀਆਂ ਸੂਚਨਾਵਾਂ ਪਾਈਆਂ ਜਾ ਰਹੀਆਂ ਹਨ ਕਿ ਮਾਲਕ ਮਕਾਨ ਗੈਰ ਕਾਨੂੰਨੀ ਲੋਕਾਂ ਨੂੰ ਪਨਾਹ ਦੇ ਰਹੇ ਹਨ।

ਹੁਣ ਤੱਕ ਹੋਏ ਸਰਵੇ ਵਿਚ ਲਗਭਗ 2 ਲੱਖ ਕਿਰਾਏਦਾਰਾਂ ਦੇ ਰਿਕਾਰਡਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਇਹ ਲੋਕ ਸਰਕਾਰ ਤੋਂ ਰਿਹਾਇਸ਼ ਸਥਾਨ ਲਈ ਮਦਦ ਵੀ ਲੈ ਰਹੇ ਸਨ। ਅਧਿਕਾਰੀਆਂ ਨੇ ਕਿਹਾ ਹੈ ਕਿ ਇਸ ਨਾਲ ਟੈਕਸਦਾਤਾਵਾਂ ਦੇ ਟੈਕਸ ਦੀ ਦੁਰਵਰਤੋਂ ਹੁੰਦੀ ਹੈ।

ਨਵੇਂ ਨਿਰਦੇਸ਼ ਦੇ ਤਹਿਤ ਐੱਚ.ਯੂ.ਡੀ. ਫੰਡ ਪ੍ਰਾਪਤ ਪ੍ਰੋਗਰਾਮਾਂ ਵਿਚ ਸਾਰੇ ਜਨਤਕ ਰਿਹਾਇਸ਼ੀ ਅਥਾਰਿਟੀਆਂ ਅਤੇ ਜਾਇਦਾਦ ਮਾਲਕਾਂ ਕੋਲ ਆਪਣੇ ਰਿਕਾਰਡਾਂ ਨੂੰ ਅਪਡੇਟ ਕਰਨ ਲਈ 30 ਦਿਨਾਂ ਦਾ ਸਮਾਂ ਹੈ।

ਐੱਚ.ਯੂ.ਡੀ. ਸਕੱਤਰ ਸਕਾਟ ਟਰਨਰ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ ਇਸ ਨਵੇਂ ਨਿਰਦੇਸ਼ ਨਾਲ ਟੈਕਸਦਾਤਾ ਸਰੋਤਾਂ ਦੀ ਸੁਰੱਖਿਆ ਅਤੇ ਅਮਰੀਕੀ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਕੀਤਾ ਜਾ ਰਿਹਾ ਹੈ।

ਆਉਣ ਵਾਲੇ ਸਮੇਂ ਵਿਚ ਐੱਚ.ਯੂ.ਡੀ. ਸਹਾਇਤਾ ਪ੍ਰਾਪਤ ਰਿਹਾਇਸ਼ ਵਿਚ ਦਾਖਲੇ ਤੋਂ ਪਹਿਲਾਂ ਨਾਗਰਿਕਤਾ ਦੀ ਤਸਦੀਕ ਬਰੀਕੀ ਨਾਲ ਕੀਤੀ ਜਾਵੇਗੀ। ਗੈਰ ਕਾਨੂੰਨੀ ਕੰਮ ਕਰਨ ਵਾਲੇ ਨੂੰ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ।


Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# 2026 'ਚ ਅਮਰੀਕਾ ਗਲਤ ਦਿਸ਼ਾ ਵੱਲ ਜਾ ਰਿਹੈ:ਸਰਵੇਖਣ

ਵਾਸ਼ਿੰਗਟਨ ਡੀ.ਸੀ.- ਦਸੰਬਰ 2025 'ਚ ਕੀਤੇ ਗਏ ਇੱਕ ਰਾਸ਼ਟਰੀ ਸਰਵੇਖਣ ਅਨੁਸਾਰ, 10 ਵਿਚੋਂ 6 ਏਸ਼ੀਆਈ ਅਮਰੀਕੀ, ਮੂਲ ਹਵਾਈਅਨ ਅਤੇ ਪ੍ਰਸ਼ਾਂਤ ਟਾਪੂ ਵਾਸੀ (ਏ.ਏ.ਪੀ.ਆਈ.) ਬਾਲਗ ਮੰਨਦੇ ਹਨ ਕਿ ਸੰਯੁਕਤ ਰਾਜ ਅਮਰੀਕਾ 2026 'ਚ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਇਹ ਸਰਵੇਖਣ ਐਸੋਸੀਏਟਿਡ ਪ੍ਰੈੱਸ-ਐੱਨ.ਓ.ਆਰ.ਸੀ. ਸੈਂਟਰ ਅਤੇ ਏ.ਏ.ਪੀ.ਆਈ. ਡੇਟਾ ਦੁਆਰਾ ਕੀਤਾ ਗਿਆ ਸੀ। ਸਰਵੇਖਣ 'ਚ ਪਾਇਆ ਗਿਆ ਕਿ ਲੋਕਾਂ ਦੀਆਂ ਮੁੱਖ ਚਿੰਤਾਵਾਂ ਮਹਿੰਗਾਈ, ਸਿਹਤ ਸੰਭਾਲ ਲਾਗਤਾਂ ਅਤੇ ਇਮੀਗ੍ਰੇਸ਼ਨ ਸਨ।

ਸਰਵੇਖਣ ਅਨੁਸਾਰ, ਲਗਭਗ 60 ਪ੍ਰਤੀਸ਼ਤ ਏ.ਏ.ਪੀ.ਆਈ. ਬਾਲਗ ਮੰਨਦੇ ਹਨ ਕਿ 2026 'ਚ ਦੇਸ਼ ਦੀ ਸਥਿਤੀ ਹੋਰ ਵਿਗੜ ਜਾਵੇਗੀ, ਜਦੋਂਕਿ 58 ਪ੍ਰਤੀਸ਼ਤ ਨੂੰ ਡਰ ਹੈ ਕਿ ਦੇਸ਼ ਦੀ ਆਰਥਿਕਤਾ ਵੀ ਵਿਗੜ ਜਾਵੇਗੀ। 49 ਪ੍ਰਤੀਸ਼ਤ ਨੇ ਮਹਿੰਗਾਈ ਅਤੇ ਰੋਜ਼ਾਨਾ ਖਰਚਿਆਂ ਨੂੰ ਸਰਕਾਰ ਦੀ ਪ੍ਰਮੁੱਖ ਤਰਜੀਹ ਦੱਸਿਆ। ਕੁੱਲ ਮਿਲਾ ਕੇ, 72 ਪ੍ਰਤੀਸ਼ਤ ਨੇ ਕਿਸੇ ਨਾ ਕਿਸੇ ਕਿਸਮ ਦੀ ਆਰਥਿਕ ਚਿੰਤਾ ਦੀ ਰਿਪੋਰਟ ਕੀਤੀ ਅਤੇ 42 ਪ੍ਰਤੀਸ਼ਤ ਨੇ ਆਪਣੀ ਨਿੱਜੀ ਵਿੱਤੀ ਸਥਿਤੀ ਨੂੰ ਚਿੰਤਾ ਦਾ ਕਾਰਨ ਦੱਸਿਆ।

ਲਗਭਗ ਇੱਕ ਤਿਹਾਈ ਨੂੰ ਉਮੀਦ ਹੈ ਕਿ ਨੇੜਲੇ ਭਵਿੱਖ 'ਚ ਉਨ੍ਹਾਂ ਦੀ ਆਪਣੀ ਵਿੱਤੀ ਸਥਿਤੀ ਵਿਗੜ ਜਾਵੇਗੀ, ਇਹ ਚਿੰਤਾ ਘੱਟ ਆਮਦਨ ਵਾਲੇ ਪਰਿਵਾਰਾਂ ਵਿਚ ਵਧੇਰੇ ਹੈ। ਸਾਲਾਨਾ 50,000 ਡਾਲਰ ਤੋਂ ਘੱਟ ਕਮਾਉਣ ਵਾਲੇ ਪਰਿਵਾਰਾਂ ਵਿਚੋਂ, 46 ਪ੍ਰਤੀਸ਼ਤ ਨੂੰ ਉਮੀਦ ਹੈ ਕਿ ਉਨ੍ਹਾਂ ਦੀ ਵਿੱਤੀ ਸਥਿਤੀ ਵਿਗੜ ਜਾਵੇਗੀ, ਜਦੋਂਕਿ 100,000 ਡਾਲਰ ਜਾਂ ਇਸ ਤੋਂ ਵੱਧ ਕਮਾਉਣ ਵਾਲੇ ਪਰਿਵਾਰਾਂ ਲਈ ਇਹ 29 ਪ੍ਰਤੀਸ਼ਤ ਹੈ।

ਵਧਦੀ ਸਿਹਤ ਸੰਭਾਲ ਲਾਗਤ ਵੀ ਏ.ਏ.ਪੀ.ਆਈ. ਭਾਈਚਾਰੇ ਲਈ ਇੱਕ ਵੱਡੀ ਚਿੰਤਾ ਹੈ। ਲਗਭਗ ਸਾਰੇ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਵਧਦੀ ਸਿਹਤ ਸੰਭਾਲ ਲਾਗਤਾਂ ਬਾਰੇ ਚਿੰਤਤ ਹਨ। ਬਹੁਤ ਸਾਰੇ ਲੋਕਾਂ ਨੂੰ ਡਰ ਹੈ ਕਿ ਉਹ ਇਲਾਜ ਤੱਕ ਪਹੁੰਚ ਨਹੀਂ ਕਰ ਸਕਣਗੇ, ਬੀਮਾ ਗੁਆ ਦੇਣਗੇ, ਜਾਂ ਦਵਾਈਆਂ ਖਰੀਦਣ ਦੇ ਯੋਗ ਨਹੀਂ ਹੋਣਗੇ। ਇਹ ਡਰ ਘੱਟ ਆਮਦਨ ਵਾਲੇ ਪਰਿਵਾਰਾਂ 'ਚ ਹੋਰ ਵੀ ਸਪੱਸ਼ਟ ਹੈ।

ਇਮੀਗ੍ਰੇਸ਼ਨ ਵੀ ਇੱਕ ਮੁੱਖ ਮੁੱਦਾ ਬਣਿਆ ਹੋਇਆ ਹੈ, 41 ਪ੍ਰਤੀਸ਼ਤ ਉੱਤਰਦਾਤਾਵਾਂ ਨੇ ਇਸਨੂੰ ਇੱਕ ਪ੍ਰਮੁੱਖ ਸਰਕਾਰੀ ਤਰਜੀਹ ਦੱਸਿਆ। ਇਸ ਤੋਂ ਇਲਾਵਾ, ਲੋਕਤੰਤਰ ਅਤੇ ਨਾਗਰਿਕ ਆਜ਼ਾਦੀਆਂ ਬਾਰੇ ਚਿੰਤਾਵਾਂ ਉਠਾਈਆਂ ਗਈਆਂ। 58 ਪ੍ਰਤੀਸ਼ਤ ਲੋਕ ਪ੍ਰਗਟਾਵੇ ਦੀ ਆਜ਼ਾਦੀ ਤੋਂ ਅਤੇ 57 ਪ੍ਰਤੀਸ਼ਤ ਪ੍ਰੈੱਸ ਦੀ ਆਜ਼ਾਦੀ ਤੋਂ ਖ਼ਤਰਾ ਮਹਿਸੂਸ ਕਰਦੇ ਹਨ। ਇੱਕ ਮਹੱਤਵਪੂਰਨ ਗਿਣਤੀ ਨੇ ਵੋਟਿੰਗ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਬਾਰੇ ਵੀ ਚਿੰਤਾ ਪ੍ਰਗਟ ਕੀਤੀ।ਜਦੋਂ ਰਾਸ਼ਟਰੀ ਪਛਾਣ ਬਾਰੇ ਪੁੱਛਿਆ ਗਿਆ, ਤਾਂ ਏ.ਏ.ਪੀ.ਆਈ. ਬਾਲਗਾਂ ਨੇ ਧਾਰਮਿਕ ਸੱਭਿਆਚਾਰ ਨਾਲੋਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਵਧੇਰੇ ਮਹੱਤਵਪੂਰਨ ਦਰਜਾ ਦਿੱਤਾ। ਲਗਭਗ 80 ਪ੍ਰਤੀਸ਼ਤ ਨੇ ਕਿਹਾ ਕਿ ਲੋਕਤੰਤਰੀ ਤੌਰ 'ਤੇ ਚੁਣੀ ਹੋਈ ਸਰਕਾਰ ਅਮਰੀਕੀ ਪਛਾਣ ਲਈ ਬਹੁਤ ਮਹੱਤਵਪੂਰਨ ਹੈ।

# ਸਰੀ ਚ ਮੁੜ ਹੋਈ ਗੋਲਾਬਾਰੀ

ਵੈਨਕੂਵਰ (ਮਲਕੀਤ ਸਿੰਘ) — ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਚ ਸ਼ਨੀਵਾਰ ਸਵੇਰੇ ਵਾਪਰੀ ਗੋਲਾਬਾਰੀ ਦੀ ਦੀ ਇੱਕ ਹੋਰ ਘਟਨਾ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਇੱਕ ਹੋਰ ਵਿਅਕਤੀ ਗੰਭੀਰ ਹਾਲਤ ਚ ਜਖਮੀ ਹੋਣ ਦੀ ਸੂਚਨਾ ਹੈ।ਪੁਲਿਸ ਅਨੁਸਾਰ ਇਹ ਘਟਨਾ ਸਵੇਰੇ ਕਰੀਬ 4 ਵੱਜ ਕੇ 55 ਮਿੰਟ 'ਤੇ 126 ਸਟਰੀਟ 91 ਐਵਿਨਿਊ ਨੇੜੇ ਸਥਿਤ ਇੱਕ ਰਿਹਾਇਸ਼ੀ ਘਰ ਵਿੱਚ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ, ਜਿੱਥੇ ਉਨਾਂ ਨੂੰ ਸੰਬੰਧਿਤ ਘਰ ਦੇ ਅੰਦਰੋਂ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਦੋ ਪੁਰਸ਼ ਮਿਲੇ ਜਿਨਾਂ ਦੀ ਜਾਨ ਬਚਾਉਣ ਲਈ ਪੂਰੀ ਕੋਸ਼ਿਸ਼ ਕੀਤੀ ਗਈ ਪ੍ਰੰਤੂ ਜਖਮਾਂ ਦੀ ਤਾਬ ਨਾ ਝੱਲਦਿਆਂ ਇੱਕ ਵਿਅਕਤੀ ਦੀ ਮੌਤ ਹੋ ਗਈ ਜਦੋਂ ਕਿ ਦੂਸਰੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।ਹੱਤਿਆ ਜਾਂਚ ਟੀਮ ਦੇ ਅਧਿਕਾਰੀਆਂ ਨੇ ਸਪਸ਼ਟ ਕੀਤਾ ਹੈ ਕਿ ਮੌਜੂਦਾ ਜਾਂਚ ਮੁਤਾਬਕ ਇਹ ਗੋਲਾਬਾਰੀ ਨਾ ਤਾਂ ਬ੍ਰਿਟਿਸ਼ ਕੋਲੰਬੀਆ ਵਿੱਚ ਚੱਲ ਰਹੇ ਗੈਂਗ ਟਕਰਾਅ ਨਾਲ ਜੁੜੀ ਲੱਗਦੀ ਹੈ ਅਤੇ ਨਾ ਹੀ ਸ਼ਹਿਰ ਵਿੱਚ ਜਾਰੀ ਜ਼ਬਰਦਸਤੀ ਵਸੂਲੀ ਮਾਮਲਿਆਂ ਨਾਲ।ਪੁਲਿਸ ਵੱਲੋਂ ਇਲਾਕੇ ਨੂੰ ਘੇਰਾਬੰਦੀ ਕਰਕੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਫਿਲਹਾਲ ਕਿਸੇ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਕੀਤੀ ਗਈ। ਜ਼ਿਕਰ ਯੋਗ ਹੈ ਕਿ ਨਵੇਂ ਸਾਲ ਵਿੱਚ ਸਰੀ ਚ ਗੋਲੀਬਾਰੀ ਦੀ ਇਹ ਤੀਸਰੀ ਘਟਨਾ ਮੰਨੀ ਜਾ ਰਹੀ ਹੈ।

# ਸਿੱਖ ਵਕੀਲ ਨਵਰਾਜ ਰਾਏ ਨੇ ਜੱਜ ਵਜੋਂ ਸਹੁੰ ਚੁੱਕੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- 32 ਸਾਲਾ ਸਿੱਖ ਵਕੀਲ ਨਵਰਾਜ ਰਾਏ ਨੇ ਕੇਰਨ ਕਾਊਂਟੀ ਵਿੱਚ ਅਸਥਾਈ ਜੱਜ ਵਜੋਂ ਸਹੁੰ ਚੁੱਕੀ। ਉਨਾਂ ਦੀ ਨਿਯੁਕਤੀ ਕੇਸਾਂ ਦੀ ਗਿਣਤੀ ਵਧਣ ਕਾਰਨ ਵਿਸ਼ੇਸ਼ ਕੇਸਾਂ ਦੀ ਸੁਣਵਾਈ ਲਈ ਕੀਤੀ ਗਈ ਹੈ।ਰਾਏ ਤੋਂ ਪਹਿਲਾਂ 23 ਵਕੀਲ ਆਰਜੀ ਜੱਜ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ।ਰਾਏ ਭਾਰਤੀ ਮਾਪਿਆਂ ਦਾ ਪੁੱਤਰ ਹੈ ਜੋ ਲਾਸ ਏਂਜਲਸ ਵਿੱਚ ਪੈਦਾ ਹੋਇਆ ਸੀ। ਉਸ ਨੇ ਗਰੈਜੂਏਸ਼ਨ ਸਟਾਕਡੇਲ ਹਾਈ ਸਕੂਲ ਤੋਂ ਕੀਤੀ ਸੀ ਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਡੇਵਿਸ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ।ਰਾਏ ਨੇ ਕਿਹਾ ਕਿ ਮੇਰੀ ਨਿਯੁਕਤੀ ਨਾ ਕੇਵਲ ਸਿੱਖ ਤੇ ਪੰਜਾਬੀ ਭਾਈਚਾਰੇ ਲਈ ਬਲ ਕਿ ਕੇਰਨ ਕਾਊਂਟੀ ਦੇ ਹਰ ਵਿਅਕਤੀ ਲਈ ਸੁਨੇਹਾ ਹੈ ਕਿ ਇਹ ਧਰਤੀ ਹਰ ਇਕ ਨੂੰ ਵਿਕਾਸ ਦਾ ਮੌਕਾ ਦਿੰਦੀ ਹੈ ਤੇ ਇਥੇ ਕੁਝ ਵੀ ਅਸੰਭਵ ਨਹੀਂ ਹੈ।

# ਅਮਰੀਕਾ ਵਿੱਚ ਨਿੱਜੀ ਜਹਾਜ਼ ਤਬਾਹ, 6 ਮੌਤਾਂ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮੇਨੇ ਰਾਜ ਵਿੱਚ ਬਾਂਗੋਰ ਵਿਖੇ ਇੱਕ ਨਿਜੀ ਜੈੱਟ ਜਹਾਜ਼ ਤਬਾਹ ਹੋ ਗਿਆ ਤੇ ਉਸ ਵਿੱਚ ਸਵਾਰ ਸਾਰੇ 6 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ। ਮੁੱਢਲੀ ਰਿਪੋਰਟ ਅਨੁਸਾਰ ਹਾਦਸਾ ਖਰਾਬ ਮੌਸਮ ਕਾਰਨ ਵਾਪਰਿਆ ਹੈ। ਜਹਾਜ਼ ਹੋਸਟਨ ਦੇ ਹੌਬੀ ਏਅਰ ਪੋਰਟ ਤੋਂ ਬਾਂਗੋਰ ਇੰਟਰਨੈਸ਼ਨਲ ਏਅਰ ਪੋਰਟ 'ਤੇ ਆਇਆ ਸੀ ਜਿਥੋਂ ਉਸ ਨੇ ਪੈਰਿਸ ਦੇ ਵਾਟਰੀ ਏਅਰ ਪੋਰਟ ਲਈ ਉਡਾਨ ਭਰੀ ਸੀ। ਕੇਵਲ 2 ਮਿੰਟ ਬਾਅਦ ਹੀ ਜਹਾਜ਼ ਤਬਾਹ ਹੋ ਕੇ ਜਮੀਨ ਉਪਰ ਡਿੱਗ ਗਿਆ ਤੇ ਉਸ ਨੂੰ ਅੱਗ ਲੱਗ ਗਈ। ਹਾਦਸੇ ਦੀ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਜਾਂਚ ਕਰ ਰਿਹਾ ਹੈ।

Our Package Starts from
$50 per month
ਪੰਜਾਬ ਗਾਰਡੀਅਨ
Call to Advertise
604.590.5200

• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ

For your family.. healthy beautiful smiles!

ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ

SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup

• All Major Insurance Plans Accepted
• Punjabi, Hindi, Urdu Spoken
• New Patients Welcome

Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲੱਬਧ ਹਨ

EVERSHINE DENTISTRY
EVERSHINE FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ

CITY OF DELTA
WHITE SPOT
CITY OF SURREY
72 Ave.
WALMART
RBC
BMO
SATNAM PLAZA
SCOTTSDALE MALL
ENTRANCE
ICICI
MCDONALDS
GURDWARA
70 Ave.

604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ



We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA
* PASSPORT * TRANSLATION
PHONE : 253-852-1984, 253-852-1985
24 HOUR EMERGENCY SERVICE
206-370-9480
TOLL FREE :
1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

# ਅਮਰੀਕਾ ਵਿਚ ਪ੍ਰਵਾਸੀਆਂ ਹੱਥੋਂ ਟਰੰਪ ਨੂੰ ਪਹਿਲੀ ਹਾਰ




ਮਿਨੀਆਪੋਲਿਸ: ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਦੇ ਮੁੱਦੇ ’ਤੇ ਪਹਿਲੀ ਵਾਰ ਡੌਨਲਡ ਟਰੰਪ ਡਾਵਾਂਡੋਲ ਨਜ਼ਰ ਆ ਰਹੇ ਹਨ। ਜੀ ਹਾਂ, ਇੰਮੀਗ੍ਰੇਸ਼ਨ ਛਾਪਿਆਂ ਦੌਰਾਨ ਗੋਲੀਬਾਰੀ ਦੀਆਂ ਵਾਰਦਾਤਾਂ ਨੇ ਰਾਸ਼ਟਰਪਤੀ ਨੂੰ ਪੈਰ ਪਿੱਛੇ ਖਿੱਚਣ ਲਈ ਮਜਬੂਰ ਕਰ ਦਿਤਾ ਹੈ ਅਤੇ ਬਾਰਡਰ ਪੈਟਰੋਲ ਏਜੰਟਾਂ ਨੂੰ ਮਿਨੇਸੋਟਾ ਦਾ ਮਿਨੀਆਪੌਲਿਸ ਸ਼ਹਿਰ ਛੱਡਣ ਦੇ ਹੁਕਮ ਜਾਰੀ ਕਰ ਦਿਤੇ ਗਏ। ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਦੀ ਕੁਰਸੀ ਵੀ ਖ਼ਤਰੇ ਵਿਚ ਨਜ਼ਰ ਆ ਰਹੀ ਹੈ ਅਤੇ ਟਰੰਪ ਨੇ ਸਾਰੀ ਜ਼ਿੰਮੇਵਾਰ ਬਾਰਡਰ ਜ਼ਾਰ ਟੌਮ ਹੋਮਨ ਦੇ ਹੱਥਾਂ ਵਿਚ ਸੌਂਪ ਦਿਤੀ ਹੈ।

ਟਰੰਪ ਨੇ ਐਤਵਾਰ ਤੇ ਸੋਮਵਾਰ ਹਰ ਮੀਡੀਆ ਰਿਪੋਰਟ ਨੂੰ ਡੂੰਘਾਈ ਨਾਲ ਘੋਖਣ ਮਗਰੋਂ ਸਿੱਟਾ ਕੱਢਿਆ ਕਿ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੀ ਇੰਚਾਰਜ ਕ੍ਰਿਸਟੀ ਨੌਇਮ ਤੋਂ ਲੈ ਕੇ ਬੌਵੀਨੋ ਤੱਕ ਸਾਰੇ ਝੂਠ ਬੋਲ ਰਹੇ ਹਨ।

## ਅਮਰੀਕਾ ਦੇ ਜੌਰਜੀਆ ’ਚ 4 ਭਾਰਤੀ ਮੂਲ ਦੇ ਵਿਅਕਤੀਆਂ ਦਾ ਗੋਲੀਆਂ ਮਾਰ ਕੇ ਕਤਲ

ਜਾਰਜੀਆ: ਅਮਰੀਕਾ ਦੇ ਜਾਰਜੀਆ ਸੂਬੇ ਵਿੱਚ ਕਥਿਤ ਪਰਿਵਾਰਕ ਝਗੜੇ ਦੇ ਚਲਦਿਆਂ ਹੋਈ ਗੋਲੀਬਾਰੀ ਦੌਰਾਨ 4 ਭਾਰਤੀ ਮੂਲ ਦੇ ਵਿਅਕਤੀਆਂ ਦੀ ਮੌਤ ਹੋ ਗਈ। ਜਦਕਿ ਗੋਲੀਆਂ ਚਲਾਉਣ ਵਾਲੇ ਮੁਲਜ਼ਮ ਵਿਜੇ ਕੁਮਾਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ‘ਤੇ ਕਤਲ ਅਤੇ ਬੱਚਿਆਂ ਨਾਲ ਦੁਰਵਿਵਹਾਰ ਕਰਨ ਵਰਗੇ ਗੰਭੀਰ ਇਲਜ਼ਾਮ ਹਨ।ਪ੍ਰਾਪਤ ਹੋਈ ਜਾਣਕਾਰੀ ਇਹ ਘਟਨਾ ਸ਼ੁੱਕਰਵਾਰ ਨੂੰ ਵਾਪਰੀ, ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਘਰ ਚ ਤਿੰਨ ਬੱਚੇ ਵੀ ਮੌਜੂਦ ਸਨ ਜਿਨ੍ਹਾਂ ਨੇ ਲੁਕ ਕੇ ਆਪਣੀ ਜਾਨ ਬਚਾਈ । ਅਟਲਾਂਟਾ ਵਿੱਚ ਭਾਰਤੀ ਸਫਾਰਤਖਾਨੇ ਨੇ ਘਟਨਾ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ।ਸਥਾਨਕ ਮੀਡੀਆ ਅਨੁਸਾਰ ਮੁਲਜ਼ਮ ਦੀ ਪਛਾਣ ਅਟਲਾਂਟਾ ਦੇ ਵਿਜੇ ਕੁਮਾਰ ਵਜੋਂ ਹੋਈ ਹੈ ਅਤੇ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਦਕਿ ਮ੍ਰਿਤਕਾਂ ਚ ਵਿਜੇ ਕੁਮਾਰ ਦੀ ਪਤਨੀ ਮੀਮੂ ਡੋਗਰਾ (43 ਸਾਲਾ), ਗੌਰਵ ਕੁਮਾਰ (33 ਸਾਲਾ), ਨਿਧੀ ਚੰਦਰ (37 ਸਾਲਾ) ਅਤੇ ਹਰੀਸ਼ ਚੰਦਰ (38 ਸਾਲਾ) ਸ਼ਾਮਲ ਹਨ।

## ਜਬਰੀ ਵਸੂਲੀ ਤੇ ਗੋਲੀਬਾਰੀ ਦੇ ਸੰਕਟ ਦੇ ਹੱਲ ਲਈ ਸਰੀ ਵਿਚ ਹੋਵੇਗੀ ਰਾਸ਼ਟਰੀ ਕਨਵੈਨਸ਼ਨ

ਵੈਨਕੂਵਰ-ਬੀਸੀ ਵਿਚ ਜਬਰੀ ਵਸੂਲੀ ਅਤੇ ਗੋਲੀਬਾਰੀ ਦੇ ਸੰਕਟ ਨਾਲ ਨਿਪਟਣ ਲਈ ਫੈਡਰਲ ਸਰਕਾਰ ਨੇ ਵਧੇਰੇ ਸਰੋਤਾਂ ਦੀ ਵਚਨਬੱਧਤਾ ਪ੍ਰਗਟਾਈ ਹੈ ਭਾਵੇਂਕਿ ਸਰੀ ਸ਼ਹਿਰ ਵਿੱਚ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਨਹੀ ਕੀਤਾ ਗਿਆ।ਸਰੀ ਪੁਲਿਸ ਬੁੱਧਵਾਰ ਸਵੇਰੇ 120ਵੀਂ ਸਟਰੀਟ ਦੇ 8100 ਬਲਾਕ ਵਿੱਚ ਇੱਕ ਸਟ੍ਰਿਪ ਮਾਲ ਵਿੱਚ ਇੱਕ ਹੋਰ ਸੰਭਾਵਿਤ ਜਬਰਦਸਤੀ ਨਾਲ ਸਬੰਧਤ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ।ਕੋਈ ਵੀ ਜ਼ਖਮੀ ਨਹੀਂ ਹੋਇਆ, ਪਰ ਪੁਲਿਸ ਦਾ ਕਹਿਣਾ ਹੈ ਕਿ ਪਲਾਜ਼ਾ ਵਿੱਚ ਇੱਕ ਕਾਰੋਬਾਰ ‘ਤੇ ਗੋਲੀਆਂ ਚਲਾਈਆਂ ਗਈਆਂ ਸਨ ਜਿਸਨੂੰ ਜਬਰੀ ਵਸੂਲੀ ਦੀਆਂ ਧਮਕੀਆਂ ਪਿੱਛੋਂ ਨਿਸ਼ਾਨਾ ਬਣਾਇਆ ਗਿਆ ਹੈ।ਬੀਸੀ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਬੁਧਵਾਰ ਨੂੰ ਓਟਾਵਾ ਵਿੱਚ ਫੈਡਰਲ ਜਨਤਕ ਸੁਰੱਖਿਆ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ, ਦੱਸਿਆ ਕਿ ਫੈਡਰਲ ਸਰਕਾਰ ਬੀ.ਸੀ. ਵਿੱਚ ਪੁਲਿਸ ਨੂੰ 20 ਹੋਰ ਅਧਿਕਾਰੀ ਅਤੇ ਹੈਲੀਕਾਪਟਰ ਸਹਾਇਤਾ ਦੇਣ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੌਜੂਦਾ ਸੰਕਟ ਬਾਰੇ ਇੱਕ ਰਾਸ਼ਟਰੀ ਕਨਵੈਨਸ਼ਨ ਵੀ ਕਰਵਾਈ ਜਾ ਰਹੀ ਹੈ। “ਇਸ ਲਈ, ਪ੍ਰਧਾਨ ਮੰਤਰੀ ਅਤੇ ਮੈਂ ਅਤੇ ਸਾਡੇ ਮੰਤਰੀ ਸਹਿਮਤ ਹੋਏ ਹਾਂ ਕਿ ਅਗਲੇ ਦੋ ਹਫ਼ਤਿਆਂ ਦੇ ਅੰਦਰ ਅਸੀਂ ਸਰੀ ਦੇ ਗ੍ਰੀਨ ਟਿੰਬਰਜ਼ ਵਿਖੇ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੈਨੀਟੋਬਾ ਅਤੇ ਰਾਸ਼ਟਰੀ ਪੁਲਿਸ ਦੀ ਪੁਲਿਸ ਲੀਡਰਸ਼ਿਪ ਦੀ ਇੱਕ ਮੀਟਿੰਗ ਕਰਾਂਗੇ ਤਾਂ ਜੋ ਇਸ ਮਾਮਲੇ ਤੇ ਵਿਸਥਾਰਿਤ ਚਰਚਾ ਕੀਤੀ ਜਾ ਸਕੇ।


MORTGAGE
Purchase-Refinance-Renewal
SPECIAL RATES - INSURED
3.89%*
5 Years Fixed
First Time Buyers - Cash Back upto $4,000*
*Limited Time Offer. Conditions Apply
Bank upon our 30 Years of Banking Experience
Bank of Montreal Surrey & Abbotsford
UCO Bank London UK, Moga, Alamgir





Raj Gill, AMP
VANCOUVER
Unit 200-6330 Fraser St
E: airraj@shaw.ca
Ph.: 604 564 1000

Our Symbol of Care & Service
Superior Mortgage
The Banking Alternative
www.QUICKAPPROVAL.ca

Sharnjit S Gill, AMP
SURREY
Unit 244 8138 128 St,
E: sharnjitgill@shaw.ca
Ph.: 604 507 1000



ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St    Lynden, WA. 98264 (Bellingham)



31 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਗੁਰੂ ਹਰਿ ਰਾਏ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ
1 ਫਰਵਰੀ ਦਿਨ ਐਤਵਾਰ ਨੂੰ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ
1 ਫਰਵਰੀ ਦਿਨ ਐਤਵਾਰ ਹਫਤਾਵਾਰੀ ਦੀਵਾਨ ਸਜਣਗੇ ਅਤੇ ਬੱਲ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਰੱਖਿਆ ਬਜਟ:ਦੁਨੀਆ 'ਚ ਅਮਰੀਕਾ ਨੰਬਰ-1:ਚੀਨ ਦੂਸਰੇ ਸਥਾਨ 'ਤੇ

ਵਾਸ਼ਿੰਗਟਨ:ਵਧ ਰਹੇ ਭੂ-ਰਾਜਨੀਤਿਕ ਤਣਾਅ ਤੇ ਸੁਰੱਖਿਆ ਚੁਣੌਤੀਆਂ ਦੇ ਵਿਚਕਾਰ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਰੱਖਿਆ ਬਜਟ ਨੂੰ ਰਿਕਾਰਡ ਪੱਧਰ ਤੱਕ ਵਧਾ ਦਿੱਤਾ ਹੈ। 2025 ਦੇ ਅੰਕੜਿਆਂ ਦੇ ਅਨੁਸਾਰ ਵਿਸ਼ਵਵਿਆਪੀ ਰੱਖਿਆ ਖਰਚ 'ਚ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ ਹੈ, ਜੋ ਦੇਸ਼ਾਂ ਦੀ ਫੌਜੀ ਤਿਆਰੀ ਅਤੇ ਤਕਨੀਕੀ ਆਧੁਨਿਕੀਕਰਨ ਨੂੰ ਉਜਾਗਰ ਕਰਦਾ ਹੈ। 2025 ਦੇ ਅੰਕੜਿਆਂ ਦੇ ਅਨੁਸਾਰ, ਸੰਯੁਕਤ ਰਾਜ ਅਮਰੀਕਾ ਦੁਨੀਆ ਦੇ ਚੋਟੀ ਦੇ 10 ਸਭ ਤੋਂ ਵੱਡੇ ਰੱਖਿਆ ਬਜਟ ਵਾਲੇ ਦੇਸ਼ਾਂ ਦੀ ਸੂਚੀ 'ਚ ਸਭ ਤੋਂ ਉੱਪਰ ਹੈ। 2024 'ਚ ਵਿਸ਼ਵਵਿਆਪੀ ਫੌਜੀ ਖਰਚ ਲਗਭਗ $2,718 ਬਿਲੀਅਨ (ਲਗਭਗ 2.7 ਟ੍ਰਿਲੀਅਨ ਅਮਰੀਕੀ ਡਾਲਰ) ਤੱਕ ਪਹੁੰਚ ਗਿਆ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ 9.4% ਦਾ ਵਾਧਾ ਹੈ। ਇਸ ਖਰਚ ਦਾ ਇੱਕ ਵੱਡਾ ਹਿੱਸਾ ਯੂਰਪ ਤੇ ਮੱਧ ਪੂਰਬ ਵਿੱਚ ਸੁਰੱਖਿਆ ਚਿੰਤਾਵਾਂ ਤੇ ਵਿਸ਼ਵਵਿਆਪੀ ਤਣਾਅ ਦੁਆਰਾ ਪ੍ਰੇਰਿਤ ਸੀ।

ਸੰਯੁਕਤ ਰਾਜ ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਰੱਖਿਆ ਬਜਟ (ਲਗਭਗ $895 ਬਿਲੀਅਨ) ਹੈ।ਇਸ ਬਜਟ ਦਾ ਇੱਕ ਵੱਡਾ ਹਿੱਸਾ ਨਵੀਨਤਮ ਮਿਜ਼ਾਈਲਾਂ, ਜਲ ਸੈਨਾ ਤੇ ਏਰੋਸਪੇਸ ਤਕਨਾਲੋਜੀ 'ਤੇ ਖਰਚ ਕੀਤਾ ਜਾਂਦਾ ਹੈ।ਇਕੱਲੇ ਅਮਰੀਕੀ ਬਜਟ ਹੀ ਵਿਸ਼ਵ ਰੱਖਿਆ ਖਰਚ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

ਚੀਨ ਦੂਜੇ ਸਥਾਨ 'ਤੇ ਹੈ, ਲਗਭਗ $266.85 ਬਿਲੀਅਨ ਦੇ ਰੱਖਿਆ ਬਜਟ ਦੇ ਨਾਲ।ਇਸਦਾ ਉਦੇਸ਼ ਆਧੁਨਿਕ ਹਥਿਆਰਾਂ ਨੂੰ ਵਿਕਸਤ ਕਰਨਾ ਤੇ ਜਲ ਸੈਨਾ ਅਤੇ ਹਵਾਈ ਸ਼ਕਤੀ ਨੂੰ ਮਜ਼ਬੂਤ ਕਰਨਾ ਹੈ।

ਚੀਨ ਨੇ ਆਪਣੇ ਬਜਟ ਦਾ ਇੱਕ ਮਹੱਤਵਪੂਰਨ ਹਿੱਸਾ ਆਧੁਨਿਕ ਹਥਿਆਰਾਂ, ਜਹਾਜ਼ਾਂ ਅਤੇ ਉੱਨਤ ਹਵਾਈ ਰੱਖਿਆ ਪ੍ਰਣਾਲੀਆਂ ਵਿੱਚ ਨਿਵੇਸ਼ ਕੀਤਾ ਹੈ।

ਰੂਸ ਦਾ ਬਜਟ ਲਗਭਗ $126 ਬਿਲੀਅਨ ਹੈ।ਆਰਥਿਕ ਮੁਸ਼ਕਲਾਂ ਦੇ ਬਾਵਜੂਦ ਰੂਸ ਨੇ ਆਪਣੇ ਰੱਖਿਆ ਬਜਟ ਨੂੰ ਉੱਚ ਪੱਧਰ 'ਤੇ ਬਣਾਈ ਰੱਖਿਆ ਹੈ।ਇਹ ਮੌਜੂਦਾ ਸੁਰੱਖਿਆ ਚੁਣੌਤੀਆਂ ਦੇ ਬਾਵਜੂਦ ਆਪਣੀਆਂ ਫੌਜੀ ਸਮਰੱਥਾਵਾਂ ਨੂੰ ਬਣਾਈ ਰੱਖਣ ਲਈ ਯਤਨਸ਼ੀਲ ਹੈ।ਰੱਖਿਆ ਬਜਟ ਉੱਚਾ ਰੱਖਿਆ ਗਿਆ ਹੈ, ਖਾਸ ਕਰਕੇ ਯੂਰਪੀ ਖੇਤਰ ਵਿੱਚ ਪ੍ਰਭਾਵ ਬਣਾਈ ਰੱਖਣ ਲਈ।

ਭਾਰਤ ਚੌਥੇ ਸਥਾਨ 'ਤੇ ਹੈ, 2025 'ਚ ਲਗਭਗ $75 ਬਿਲੀਅਨ ਦੇ ਰੱਖਿਆ ਬਜਟ ਦੇ ਨਾਲ।ਇਸ ਬਜਟ ਦੀ ਵਰਤੋਂ ਫੌਜਾਂ, ਮਿਜ਼ਾਈਲ ਪ੍ਰਣਾਲੀਆਂ, ਹਵਾਈ ਅਤੇ ਜਲ ਸੈਨਾਵਾਂ ਨੂੰ ਆਧੁਨਿਕ ਬਣਾਉਣ ਲਈ ਕੀਤੀ ਜਾਂਦੀ ਹੈ।ਭਾਰਤ ਦੇ ਰੱਖਿਆ ਖਰਚ 'ਚ ਹਾਲ ਹੀ ਦੇ ਸਾਲਾਂ ਵਿੱਚ ਸਥਿਰ ਵਾਧਾ ਹੋਇਆ ਹੈ।2026 ਦੇ ਬਜਟ ਵਿੱਚ ਇਸ ਵਿੱਚ ਹੋਰ ਵਾਧਾ ਹੋਣ ਦੀ ਉਮੀਦ ਹੈ, ਖਾਸ ਕਰਕੇ ਤਕਨਾਲੋਜੀ ਵਿਕਾਸ ਅਤੇ ਰੱਖਿਆ ਨਿਰਯਾਤ 'ਤੇ ਕੇਂਦ੍ਰਿਤ ਖਰਚ ਦੇ ਨਾਲ।

ਸਾਊਦੀ ਅਰਬ, ਯੂਕੇ, ਜਾਪਾਨ, ਆਸਟ੍ਰੇਲੀਆ ਅਤੇ ਫਰਾਂਸ ਵਰਗੇ ਦੇਸ਼ਾਂ ਦੇ ਵੀ ਵੱਡੇ ਰੱਖਿਆ ਬਜਟ ਹਨ।ਯੂਕਰੇਨ, ਖਾਸ ਤੌਰ 'ਤੇ, ਆਪਣੀਆਂ ਸੁਰੱਖਿਆ ਚੁਣੌਤੀਆਂ ਦੇ ਕਾਰਨ ਚੋਟੀ ਦੇ 10 ਵਿੱਚ ਸ਼ਾਮਲ ਹੈ।

2024 ਵਿੱਚ ਵਿਸ਼ਵਵਿਆਪੀ ਰੱਖਿਆ ਖਰਚ 2.7 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ, ਜੋ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਸਭ ਤੋਂ ਵੱਡਾ ਇੱਕ ਸਾਲ ਦਾ ਵਾਧਾ ਹੈ। ਵਿਸ਼ਵਵਿਆਪੀ ਸੁਰੱਖਿਆ ਸਥਿਤੀ ਤੇ ਰੂਸ-ਯੂਕਰੇਨ ਵਰਗੇ ਵੱਡੇ ਟਕਰਾਅ ਤੇ ਮੱਧ ਪੂਰਬ ਵਿੱਚ ਤਣਾਅ ਰੱਖਿਆ ਖਰਚ ਵਿੱਚ ਵਾਧੇ ਦੇ ਮੁੱਖ ਕਾਰਨ ਹਨ। ਬਹੁਤ ਸਾਰੇ ਦੇਸ਼ਾਂ ਦਾ ਰੱਖਿਆ ਬਜਟ ਆਪਣੇ ਘਧਫ ਦੇ 2% ਤੋਂ ਵੱਧ ਹੈ, ਜਿਵੇਂ ਕਿ ਸੰਯੁਕਤ ਰਾਜ ਅਮਰੀਕਾ ਦਾ ਰੱਖਿਆ ਬਜਟ ਲਗਭਗ 3.4% ਹੈ। ਕੁਝ ਦੇਸ਼ਾਂ ਦਾ ਪ੍ਰਤੀਸ਼ਤ ਇਸ ਤੋਂ ਵੀ ਵੱਧ ਹੈ (ਜਿਵੇਂ ਕਿ ਰੂਸ, ਸਾਊਦੀ ਅਰਬ)।

ਇਹ ਰੱਖਿਆ ਬਜਟ ਦੇਸ਼ਾਂ ਦੀ ਫੌਜੀ ਤਾਕਤ, ਤਕਨੀਕੀ ਆਧੁਨਿਕੀਕਰਨ ਅਤੇ ਭੂ-ਰਾਜਨੀਤਿਕ ਇੱਛਾਵਾਂ ਨੂੰ ਦਰਸਾਉਂਦੇ ਹਨ। ਉੱਚ ਬਜਟ ਵਾਲੇ ਦੇਸ਼ ਨਾ ਸਿਰਫ਼ ਆਪਣੀਆਂ ਸਰਹੱਦਾਂ ਦੀ ਰੱਖਿਆ ਕਰਦੇ ਹਨ, ਸਗੋਂ ਵਿਸ਼ਵਵਿਆਪੀ ਪ੍ਰਭਾਵ ਲਈ ਵੀ ਤਿਆਰੀ ਕਰਦੇ ਹਨ।

ਭਾਰਤ ਨੇ ਵਿੱਤੀ ਸਾਲ 2025-26 ਲਈ 6.81 ਲੱਖ ਕਰੋੜ ਰੁਪਏ ਦਾ ਰੱਖਿਆ ਬਜਟ ਰੱਖਿਆ, ਜੋ ਕਿ ਪਿਛਲੇ ਸਾਲ ਨਾਲੋਂ ਲਗਭਗ 9.5% ਵੱਧ ਹੈ। ਇਹ ਬਜਟ ਆਧੁਨਿਕ ਹਥਿਆਰਾਂ, ਰੱਖਿਆ ਉਤਪਾਦਨ, ਅਤੇ ਤਨਖਾਹ ਅਤੇ ਪੈਨਸ਼ਨ ਖਰਚਿਆਂ ਲਈ ਵਰਤਿਆ ਗਿਆ ਸੀ। ਇਹ ਕੁੱਲ ਕੇਂਦਰੀ ਬਜਟ ਦੇ ਲਗਭਗ 13.45% ਨੂੰ ਦਰਸਾਉਂਦਾ ਹੈ। ਇਸ ਵਿੱਚੋਂ, ਲਗਭਗ 1.8 ਲੱਖ ਕਰੋੜਰੁਪਏ ਪੂੰਜੀ ਖਰਚ (ਨਵੇਂ ਹਥਿਆਰ, ਪ੍ਰਣਾਲੀਆਂ, ਆਧੁਨਿਕੀਕਰਨ) ਲਈ ਅਲਾਟ ਕੀਤੇ ਗਏ ਸਨ।

ਮਾਰਕੀਟ ਤੇ ਬਜਟ ਵਿਸ਼ਲੇਸ਼ਕਾਂ ਦੇ ਅਨੁਸਾਰ, ਰੱਖਿਆ ਪੂੰਜੀ ਖਰਚ (ਪੂੰਜੀ ਖਰਚ) 'ਚ ਲਗਭਗ 15% ਦਾ ਵਾਧਾ ਹੋ ਸਕਦਾ ਹੈ, ਖਾਸ ਕਰਕੇ ਹਥਿਆਰਾਂ ਦੀ ਖਰੀਦ ਅਤੇ ਤਕਨਾਲੋਜੀ ਨਿਵੇਸ਼ਾਂ ਲਈ। 2026-27 ਲਈ ਕਈ ਮੁੱਖ ਅਨੁਮਾਨ ਵਿਸ਼ਲੇਸ਼ਕਾਂ ਤੇ ਬਜਟ ਮਾਹਰਾਂ ਦੇ ਆਧਾਰ 'ਤੇ ਸਾਹਮਣੇ ਆਏ ਹਨ। ਮੋਤੀਲਾਲ ਓਸਵਾਲ ਦੇ ਅੰਦਾਜ਼ੇ ਅਨੁਸਾਰ, ਰੱਖਿਆ ਖਰਚ ਲਗਭਗ 15% ਵਧ ਸਕਦਾ ਹੈ, ਖਾਸ ਕਰ ਕੇ ਪੂੰਜੀਗਤ ਖਰਚ 'ਤੇ। ਕੁਝ ਐਕਸਿਸ ਡਾਇਰੈਕਟ/ਕੋਟਕ ਵਿਸ਼ਲੇਸ਼ਣ ਸੁਝਾਅ ਦਿੰਦੇ ਹਨ ਕਿ ਰੱਖਿਆ ਬਜਟ ਲਗਭਗ 20% ਵਧ ਸਕਦਾ ਹੈ, ਖਾਸ ਕਰ ਕੇ ਤਕਨਾਲੋਜੀ, ਯੂਏਵੀ/ਡਰੋਨ, ਅਤੇ ਖੋਜ ਅਤੇ ਵਿਕਾਸ ਵਿੱਚ। ਰੱਖਿਆ ਵਿਭਾਗ ਦੇ ਇੱਕ ਉੱਚ ਅਧਿਕਾਰੀ ਦਾ ਕਹਿਣਾ ਹੈ ਕਿ ਯੋਜਨਾ ਹਰ ਸਾਲ ਪੂੰਜੀਗਤ ਖਰਚ ਨੂੰ 20% ਵਧਾਉਣ ਦੀ ਹੈ, ਅਤੇ ਟੀਚਾ ਰੱਖਿਆ ਪੂੰਜੀਗਤ ਖਰਚ ਨੂੰ ਅਗਲੇ ਕੁਝ ਸਾਲਾਂ ਵਿੱਚ ਜੀਡੀਪੀ ਦੇ 2.5% ਤੱਕ ਪਹੁੰਚਾਉਣਾ ਹੈ।







ਇਹ ਵਾਧਾ ਪਿਛਲੇ ਕਈ ਸਾਲਾਂ ਦੇ ਆਮ 10% ਵਾਧੇ ਨਾਲੋਂ ਕਾਫ਼ੀ ਜ਼ਿਆਦਾ ਹੈ ਅਤੇ ਨਵੇਂ ਹਥਿਆਰ ਪ੍ਰਣਾਲੀਆਂ ਅਤੇ ਤਕਨੀਕੀ ਆਧੁਨਿਕੀਕਰਨ 'ਤੇ ਵਧੇ ਹੋਏ ਜ਼ੋਰ ਨੂੰ ਦਰਸਾਉਂਦਾ ਹੈ। ਸਰਕਾਰ ਆਮ ਤੌਰ 'ਤੇ ਪਿਛਲੇ ਸਾਲ ਨਾਲੋਂ ਕੁੱਲ ਰੱਖਿਆ ਬਜਟ ਵਿੱਚ 10-20% ਵਾਧਾ ਕਰਦੀ ਹੈ। ਜੇਕਰ ਵਾਧਾ 20% ਹੁੰਦਾ ਹੈ, ਤਾਂ 2026-27 ਵਿੱਚ ਰੱਖਿਆ ਬਜਟ ਲਗਭਗ □8.2-8.3 ਲੱਖ ਕਰੋੜ (ਆਮ ਅਨੁਮਾਨ) ਤੱਕ ਪਹੁੰਚ ਸਕਦਾ ਹੈ, ਜੋ ਪਿਛਲੇ ਸਾਲ ਨਾਲੋਂ ਇੱਕ ਮਹੱਤਵਪੂਰਨ ਵਾਧਾ ਹੈ ਅਤੇ ਭਾਰਤ ਦੀਆਂ ਸੁਰੱਖਿਆ ਜ਼ਰੂਰਤਾਂ ਅਤੇ ਸਵੈ-ਨਿਰਭਰਤਾ ਰਣਨੀਤੀ ਦਾ ਸਮਰਥਨ ਵੀ ਕਰੇਗਾ। ਅਸਲ ਅੰਕੜਾ ਵਿੱਤ ਮੰਤਰੀ ਵੱਲੋਂ 1 ਫਰਵਰੀ, 2026 ਨੂੰ ਬਜਟ ਭਾਸ਼ਣ ਵਿੱਚ ਐਲਾਨਿਆ ਜਾਵੇਗਾ।

ਉਦਯੋਗਿਕ ਸੰਗਠਨਾਂ ਨੇ ਸੁਝਾਅ ਦਿੱਤਾ ਹੈ ਕਿ ਹਥਿਆਰਾਂ, ਹਵਾਈ ਰੱਖਿਆ ਅਤੇ ਇਲੈਕਟ੍ਰਾਨਿਕ ਯੁੱਧ ਵਰਗੇ ਆਧੁਨਿਕ ਉਪਕਰਣਾਂ ਲਈ ਹੋਰ ਫੰਡ ਪ੍ਰਦਾਨ ਕਰਨ ਲਈ ਬਜਟ ਵਿੱਚ ਪੂੰਜੀ ਖਰਚ ਦਾ ਹਿੱਸਾ 26% ਤੋਂ ਵਧਾ ਕੇ 30% ਕੀਤਾ ਜਾਣਾ ਚਾਹੀਦਾ ਹੈ। ਸਵਦੇਸ਼ੀ ਤਕਨਾਲੋਜੀ ਦੇ ਵਿਕਾਸ ਨੂੰ ਵਧਾਉਣ ਅਤੇ ਰੱਖਿਆ ਨਿਰਮਾਣ ਖੇਤਰ ਨੂੰ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਰੱਖਣ ਲਈ ਖੋਜ ਅਤੇ ਵਿਕਾਸ ਖਰਚ ਨੂੰ ਵੀ ਜ਼ਰੂਰੀ ਮੰਨਿਆ ਜਾਂਦਾ ਹੈ।







Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani
206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031



ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
FLY from Seattle to India
We Represent All Major Airlines
TURKISH AIRLINES
QATAR AIRWAYS القطرية
DELTA
Emirates
Lufthansa
Lowest Fare Guaranteed
We will beat any fare given in Kent/Seattle Area by Any Travel Agency
24 Hr Emergency
Call Amit Juneja: 206-992-2724
Now 2 Locations To Serve You
23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com
India Special FARES
USA Travel Services is your one-stop shop for all of your travel needs.
• Power of Attorney,
• Affidavits, Passports,
• Renunciations
• OCI • Notary Public •
• Translation - Hindi / Punjabi
• Uk & India Online Visa Available
• ਮੁਖਤਿਆਰਨਾਮਾ,
• ਐਫੀਡੈਵਿਟ, ਪਾਸਪੋਰਟ,
• ਓ.ਸੀ.ਆਈ.
• ਨੋਟਰੀ ਪਬਲਿਕ
• ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
• ਇੰਡੀਆ ਦਾ ਵੀਜ਼ਾ
ਅਤੇ ਪਾਸਪੋਰਟ ਬਣਵਾਉ



OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,



ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com



# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559 Email: pablajas@yahoo.com



# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com



# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010



# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery
Fresh Sugarcane Juice — Natural Energy Drink Refresh Your Power
PANI PURI
Fresh Smoothies
FREE PANI-PURI FRI-SUN (12PM 5PM) ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

Kaurs Tax And Accounting
Trucking Compliance
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

Professional Assistance Filling
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

Tax Services
- Tax Filing & Planning
- Personal & Business
- Notary Public
- Payroll Service

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।
ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:

Jaz Kaur Randhawa
Ph:206-472-9602
702 S Hill Park Dr Suite 202 Puyallup, WA 98373
accounting@kaurs.net
trucking@kaurs.net
Web:www.kaurs.net

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ
-CONVENTIONAL -FHA -VA Loans -30YR/15YR/10YR FIXED -DSCR -P&L -30 DAY SOFR ARM -1099 PROGRAM -7/6 SOFR ARMS -LOT/CUSTOM CONSTRUCTION LOAN AVAILABLE -24/12 BANK STATEMENT LOANS
ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA BRANCH MANAGER
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

Ready to grow your business?
Count on us for solutions.
Gifty Singh
Bellevue
400 112th Ave NE
206–909–5226
BANNER BANK
bannerbank.com Member FDIC

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516

LANCER TRUCKING LLC
21307-116TH AVE SE, KENT, WA 98031-2206
Running all across United States

Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH SAT SRI AKAL
LIQUOR - WINE BEER AVAILABLE
ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870